ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)

Rs.10/-

# ਖੇਤੀ ਦੁਨੀਆਂ

Excellence in Agri Info

KHETI DUNIYAN, PATIALA

All Subject to Patiala Jurisdiction.

www.khetiduniyan.in

Editor : Jagpreet Singh ● RNI/42269/83 ● Issue Dated 22-06-2024 ● Vol.42 No.25 ● Ph. : 0175-2214575, 90410-14575 ● Page : 16 | E-mail : khetiduniyan1983@gmail.com

### ਝੋਨਾ, ਕਪਾਹ, ਮੱਕੀ, ਮੂੰਗੀ ਸਮੇਤ 14 ਫਸਲਾਂ 'ਤੇ ਐਮ.ਐਸ.ਪੀ. ਦਾ ਐਲਾਨ

# ਝੋਨੇ ਦਾ ਭਾਅ 117 ਰੁਪਏ ਵਧ ਕੇ 2300 ਰੁਪਏ ਪ੍ਰਤੀ ਕੁਇੰਟਲ

ਕੇਂਦਰ ਸਰਕਾਰ ਨੇ 2024-25 ਲਈ ਝੋਨੇ ਦੇ ਭਾਅ ਵਿਚ 117 ਰੁਪਏ ਦਾ ਵਾਧਾ ਕਰਕੇ 2300 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਹੈ। ਨਵੀਂ ਸਰਕਾਰ ਬਣਨ ਦੇ ਬਾਅਦ ਕੇਂਦਰੀ ਮੰਤਰੀ ਮੰਡਲ ਅਤੇ ਆਰਥਿਕ ਮਾਮਲਿਆਂ ਦੀ ਕੈਬਨਿਟ ਕਮੇਟੀ ਦੀ ਪਹਿਲੀ ਮੀਟਿੰਗ ਹੋਈ, ਜਿਸ ਦੌਰਾਨ ਕਪਾਹ, ਮੱਕੀ, ਬਾਜਰਾ, ਮੂੰਗਫਲੀ, ਸੂਰਜਮੁਖੀ, ਮੂੰਗੀ, ਤਿਲ ਅਤੇ ਸੋਇਆਬੀਨ ਸਮੇਤ ਸਾਉਣੀ ਦੀਆਂ 14 ਫਸਲਾਂ ਦੇ ਘੱਟੋ ਘੱਟ ਸਮਰਥਨ ਮੁੱਲ (ਐਮ. ਐਸ. ਪੀ) 'ਚ ਵਾਧੇ ਦਾ ਐਲਾਨ ਕੀਤਾ ਗਿਆ। ਝੋਨੇ ਦਾ ਭਾਅ 2300 ਰੁਪਏ ਪ੍ਰਤੀ ਕੁਇੰਟਲ ਜਦੋਂ ਕਿ 'ਏ' ਗਰੇਡ ਕਿਸਮ ਲਈ ਇਸ ਨੂੰ ਵਧਾ ਕੇ 2320 ਰੁਪਏ ਪ੍ਰਤੀ ਕੁਇੰਟਲ ਕੀਤਾ ਗਿਆ ਹੈ, ਜੋ ਪਿਛਲੀ ਐਮ. ਐਸ. ਪੀ ਨਾਲ 117 ਰੁਪਏ ਵੱਧ ਹੈ। ਅਨਾਜਾਂ ਵਿਚ 'ਹਾਈਬ੍ਰਿਡ' ਗ੍ਰੇਡ ਜਵਾਰ ਲਈ ਘੱਟੋ ਘੱਟ ਸਮਰਥਨ ਮੁੱਲ 191 ਰੁਪਏ ਵਧਾ ਕੇ 3371 ਰੁਪਏ ਪ੍ਰਤੀ ਕਰ ਦਿੱਤਾ ਗਿਆ ਹੈ, ਜਦੋਂ ਕਿ 'ਮਾਲਦਾਨੀ' ਕਿਸਮ ਲਈ ਇਸ ਨੂੰ 196 ਰੁਪਏ ਵਧਾ ਤੇ 3421 ਰੁਪਏ ਪ੍ਰਤੀ ਕੁਇੰਟਲ ਕੀਤਾ ਗਿਆ ਹੈ। ਬਾਜਰੇ ਦਾ ਸਮਰਥਨ ਮੁੱਲ 125 ਰੁਪਏ ਵਧਾ ਕੇ 2625 ਰੁਪਏ ਪ੍ਰਤੀ ਕੁਇੰਟਲ, ਰਾਗੀ ਦਾ 444 ਰੁਪਏ ਵਧਾ ਕੇ 4290 ਰੁਪਏ ਪ੍ਰਤੀ ਕੁਇੰਟਲ ਅਤੇ ਮੱਕੀ ਦਾ 135 ਰੁਪਏ ਪ੍ਰਤੀ ਕੁਇੰਟਲ 2225 ਰੁਪਏ ਪ੍ਰਤੀ ਕੁਇੰਟਲ ਕੀਤਾ ਗਿਆ ਹੈ। ਦਾਲਾਂ ਦੀ ਦਰਾਮਦ 'ਤੇ ਦੇਸ਼ ਦੀ ਨਿਰਭਰਤਾ ਨੂੰ ਘੱਟ ਕਰਨ ਲਈ ਅਰਹਰ ਲਈ ਐਮ. ਐਸ. ਪੀ. 550 ਰੁਪਏ ਵਧਾ ਕੇ 7550 ਰੁਪਏ ਪ੍ਰਤੀ ਕੁਇੰਟਲ, ਮਾਂਹ ਲਈ 450 ਰੁਪਏ ਵਧਾ ਕੇ 7400 ਰੁਪਏ ਪ੍ਰਤੀ ਕੁਇੰਟਲ, ਮੂੰਗੀ ਲਈ 124 ਰੁਪਏ ਵਧਾ ਕੇ 8682 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਸੂਰਜਮੁਖੀ ਦੇ ਬੀਜ ਦਾ ਸਮਰਥਨ ਮੁੱਲ 520 ਰੁਪਏ ਵਧਾ ਕੇ 7800 ਰੁਪਏ ਪ੍ਰਤੀ ਕੁਇੰਟਲ, ਮੂਗਫਲੀ ਲਈ 406 ਰੁਪਏ ਵਧਾ ਕੇ 6783 ਰੁਪਏ ਪ੍ਰਤੀ ਕੁਇੰਟਲ, ਸੋਇਆਬੀਨ (ਪੀਲਾ) ਦਾ ਸਮਰਥਨ ਮੁੱਲ 292 ਰੁਪਏ ਵਧਾ ਕੇ 4892 ਰੁਪਏ ਪ੍ਰਤੀ ਕੁਇੰਟਲ ਕੀਤਾ ਗਿਆ। ਤਿਲਾਂ ਦਾ ਸਮਰਥਨ ਮੁੱਲ 632 ਰੁਪਏ ਵਧਾ ਕੇ 9267 ਰੁਪਏ ਪ੍ਰਤੀ ਕੁਇੰਟਲ ਅਤੇ ਵਪਾਰਕ ਫਸਲਾਂ ਦੇ ਮਾਮਲੇ 'ਚ ਕਪਾਹ ਦਾ ਸਮਰਥਨ ਮੁੱਲ 501 ਰੁਪਏ ਵਧਾ ਕੇ 'ਦਰਮਿਆਨਾ ਰੇਸ਼ਾ' ਲਈ 7121 ਰੁਪਏ ਪ੍ਰਤੀ ਕੁਇੰਟਲ ਅਤੇ 'ਲੰਮਾ ਰੇਸ਼ਾ' ਵਾਲੀ ਮੁੱਖ ਕਿਸਮ ਲਈ 7521 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ। ਕੇਂਦਰੀ ਮੰਤਰੀ ਨੇ ਦੱਸਿਆ ਕਿ ਦੇਸ਼ 'ਚ 2 ਲੱਖ ਨਵੇਂ ਗੁਦਾਮ ਬਣਾਏ ਜਾਣਗੇ। ਨਵੀਂ ਐਮ. ਐਸ. ਪੀ. 'ਤੇ 2 ਲੱਖ ਕਰੋੜ ਰੁਪਏ ਖਰਚ ਹੋਣਗੇ, ਜੋ ਪਿਛਲੇ ਸਾਲ ਦੀ ਤੁਲਨਾ 'ਚ 35 ਹਜ਼ਾਰ ਕਰੋੜ ਰੁਪਏ ਜ਼ਿਆਦਾ ਹੈ। ਵੈਸ਼ਨਵ ਨੇ ਦੱਸਿਆ ਕਿ ਸਰਕਾਰ ਨੇ 2018 ਦੇ ਕੇਂਦਰੀ ਬਜਟ 'ਚ ਇਕ ਸਪੱਸ਼ਟ ਨੀਤੀਗਤ ਫੈਸਲਾ ਕੀਤਾ ਸੀ ਕਿ ਐਮ. ਐਸ. ਪੀ. ਉਤਪਾਦਨ ਲਾਗਤ ਤੋਂ ਘੱਟੋ ਘੱਟ 1.5 ਗੁਣਾ ਹੋਣਾ ਚਾਹੀਦਾ ਹੈ ਅਤੇ ਐਮ. ਐਸ. ਪੀ. 'ਚ ਵਾਧੇ ਦੌਰਾਨ ਇਸ ਸਿਧਾਂਤ ਦੀ ਪਾਲਣਾ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਭਾਰਤੀ ਖੁਰਾਕ ਨਿਗਮ ਕੋਲ ਮੌਜੂਦਾ ਸਮੇਂ 53.4 ਮਿਲੀਟਨ ਟਨ ਚੌਲਾਂ ਦਾ ਰਿਕਾਰਡ ਭੰਡਾਰ ਹੈ, ਜੋ ਕਿ 1 ਜੁਲਾਈ ਲਈ ਲੋੜੀਂਦੇ ਬਫਰ ਤੋਂ ਚਾਰ ਗੁਣਾ ਹੈ ਅਤੇ ਬਿਨਾਂ ਕਿਸੇ ਨਵੀਂ ਖਰੀਦ ਦੇ ਇਕ ਸਾਲ ਲਈ ਕਲਿਆਣਕਾਰੀ ਯੋਜਨਾਵਾਂ ਤਹਿਤ ਮੰਗ ਨੂੰ ਪੂਰਾ ਕਰਨ ਲਈ ਕਾਫੀ ਹੈ।



**ਕਿੰਨਾ ਹੋਇਆ ਵਾਧਾ**

| ਫਸਲ | ਕੀਮਤ | ਵਾਧਾ |
|---|---|---|
| ਝੋਨਾ (ਸਧਾਰਨ) | 2300 | 117 |
| ਝੋਨਾ (ਏ ਗ੍ਰੇਡ) | 2320 | 117 |
| ਜਵਾਰ (ਹਾਈਬ੍ਰਿਡ) | 3371 | 191 |
| ਜਵਾਰ (ਮਾਲਦੰਡੀ) | 3421 | 196 |
| ਬਾਜਰਾ | 2625 | 125 |
| ਰਾਗੀ | 4290 | 444 |
| ਮੱਕੀ | 2225 | 135 |
| ਅਰਹਰ | 7550 | 550 |
| ਮੂੰਗੀ | 8682 | 124 |
| ਮਾਂਹ | 7400 | 450 |
| ਮੂੰਗਫਲੀ | 6783 | 406 |
| ਸੂਰਜਮੁਖੀ | 7280 | 520 |
| ਸੋਇਆਬੀਨ | 4892 | 292 |
| ਤਿਲ | 9267 | 632 |
| ਰਾਮਤਿਲ | 8717 | 983 |
| ਕਪਾਹ (ਸਧਾਰਨ) | 7121 | 501 |
| ਕਪਾਹ (ਉੱਨਤ) | 7521 | 501 |

ਨੋਟ : ਅੰਕੜੇ ਰੁਪਏ ਪ੍ਰਤੀ ਕੁਇੰਟਲ 'ਚ

# ਝੋਨੇ ਦੇ ਬੂਟਿਆਂ ਵਿਚ ਮਧਰੇਪਣ ਦੇ ਰੋਗ ਤੋਂ ਰਹੋ ਸੁਚੇਤ

ਸਾਲ 2023 ਵਿਚ ਝੋਨੇ/ਬਾਸਮਤੀ ਵਿਚ ਬੂਟਿਆਂ ਦੇ ਮਧਰੇਪਣ ਦਾ ਰੋਗ ਦੇਖਣ ਵਿਚ ਨਹੀਂ ਆਇਆ ਪਰ ਸਾਲ 2022 ਵਿਚ ਇਹ ਰੋਗ ਦੇਸ਼ ਭਰ ਵਿਚ ਵੇਖਿਆ ਗਿਆ। ਇਹ ਇਕ ਵਿਸ਼ਾਣੂ ਰੋਗ ਹੈ ਜੋ ਕਿ ਚਿੱਟੀ ਪਿੱਠ ਵਾਲੇ ਟਿੱਡੇ ਤੋਂ ਫੈਲਦਾ ਹੈ। ਇਸ ਰੋਗ ਤੋਂ ਪ੍ਰਭਾਵਿਤ ਬੂਟੇ ਮਧਰੇ, ਜਿਨ੍ਹਾਂ ਦੇ ਪੱਤੇ ਨੋਕਦਾਰ ਅਤੇ ਜੜ੍ਹਾਂ ਘੱਟ ਡੂੰਘੀਆਂ, ਬੂਟਿਆਂ ਦੀ ਉਚਾਈ ਆਮ ਬੂਟਿਆਂ ਨਾਲੋਂ ਅੱਧੀ ਜਾਂ ਇੱਕ ਤਿਹਾਈ ਰਹਿ ਜਾਂਦੀ ਹੈ ਅਤੇ ਕਈ ਵਾਰ ਬੂਟੇ ਮੁਰਝਾ ਕੇ ਸੁੱਕ ਵੀ ਜਾਂਦੇ ਹਨ। ਇਸ ਰੋਗ ਦੀ ਰੋਕਥਾਮ ਲਈ ਹੇਠ ਲਿਖੇ ਅਹਿਮ ਨੁਕਤੇ ਜ਼ਰੂਰ ਅਪਣਾਓ :



★ ਜਿਨ੍ਹਾਂ ਖੇਤਾਂ ਵਿਚ ਇਹ ਬਿਮਾਰੀ ਪਹਿਲਾਂ ਦੇਖੀ ਗਈ ਸੀ, ਉਨ੍ਹਾਂ ਥਾਵਾਂ ਤੇ ਖਾਸ ਧਿਆਨ ਰੱਖਿਆ ਜਾਵੇ।

★ ਖੇਤਾਂ ਨੂੰ ਡੂੰਘਾ ਵਾਹੋ ਅਤੇ ਪਿਛਲੀ ਰਹਿੰਦ-ਖੂੰਹਦ ਨੂੰ ਨਸ਼ਟ ਕਰ ਦਿਓ।

★ ਪਾਣੀ ਵਾਲੇ ਖਾਲਾਂ ਅਤੇ ਵੱਟਾ ਬੰਨਿਆਂ ਨੂੰ ਨਦੀਨਾਂ ਤੋਂ ਮੁਕਤ ਰੱਖੋ।

★ ਬਿਮਾਰੀ ਵਾਲੇ ਬੂਟਿਆਂ ਨੂੰ ਸ਼ੁਰੂ ਵਿਚ ਹੀ ਪੁੱਟ ਕੇ ਨਸ਼ਟ ਕਰ ਦਿਓ।

★ ਇਸ ਰੋਗ ਨੂੰ ਫੈਲਾਉਣ ਵਾਲੇ ਕੀਤੇ (ਚਿੱਟੀ ਪਿੱਠ ਵਾਲੇ ਟਿੱਡੇ) ਦੀ ਸੁਚੱਜੀ ਰੋਕਥਾਮ, ਪਨੀਰੀ ਦੀ ਬਿਜਾਈ ਤੋਂ ਹੀ ਸ਼ੁਰੂ ਕਰ ਦਿਓ। ਸਮੇਂ-ਸਮੇਂ ਸਿਰ ਝੋਨੇ ਦੀ ਫਸਲ ਦਾ ਸਰਵੇਖਣ ਕਰਦੇ ਰਹੋ। ਇਸ ਟਿੱਡੇ ਦੀ ਆਮਦ ਵੇਖਣ ਲਈ ਰਾਤ ਨੂੰ ਪਨੀਰੀ/ਖੇਤ ਨੇੜੇ ਬਲਬ ਜਗ੍ਹਾ ਕੇ ਰੱਖੋ।

★ ਜਿਵੇਂ ਹੀ ਇਸ ਟਿੱਡੇ ਦੀ ਆਮਦ ਨਜ਼ਰ ਆਵੇ ਤਾਂ ਕਿਸੇ ਵੀ ਇਕ ਕੀਟਨਾਸ਼ਕ ਜਿਵੇਂ ਕਿ 94 ਮਿ.ਲਿ. ਪੈਕਸਾਲੋਨ 10 ਐਸ ਸੀ ਜਾਂ 60 ਗ੍ਰਾਮ ਉਲਾਲਾ 50 ਡਬਲਯੂ ਜੀ ਜਾਂ 80 ਗ੍ਰਾਮ ਓਸ਼ੀਨ/ਟੋਕਨ/ਡੋਮਿਨੇਂਟ 20 ਐਸ ਜੀ ਜਾਂ 120 ਗ੍ਰਾਮ ਚੈੱਸ 50 ਡਬਲਯੂ ਜੀ ਜਾਂ 400 ਮਿ.ਲਿ. ਆਰਕੈਸਟਰਾ 10 ਐਸ ਸੀ ਜਾਂ 300 ਮਿ.ਲਿ. ਇਮੇਜਿਨ 10 ਐਸ ਸੀ ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਬੂਟਿਆਂ ਦੇ ਮੁੱਢਾਂ ਤੇ ਛਿੜਕਾਅ ਕਰੋ।

★ ਸਪਰੇਅ ਲਈ ਪਿੱਠੂ ਪੰਪ ਅਤੇ ਗੋਲ ਨੋਜਲ ਦਾ ਇਸਤੇਮਾਲ ਕਰੋ।

★ ਕਿਸਾਨ ਵੀਰੋ ! ਝੋਨੇ ਦੀ ਪਨੀਰੀ ਸਮੇਂ ਹੀ ਇਸ ਵਿਸ਼ਾਣੂ ਰੋਗ ਨੂੰ ਫੈਲਾਉਣ ਵਾਲੇ ਕੀੜਿਆਂ ਤੋਂ ਸੁਚੇਤ ਰਹੋ ਅਤੇ ਸਮੇਂ ਸਿਰ ਖੇਤਾਂ ਦਾ ਸਰਵੇਖਣ ਕਰੋ। ਜੇਕਰ ਇਸ ਵਿਸ਼ਾਣੂ ਰੋਗ ਵਾਲੇ ਬੂਟੇ ਖੇਤਾਂ ਵਿਚ ਨਜ਼ਰ ਆਉਣ ਤਾਂ ਪੀ. ਏ. ਯੂ. ਦੇ ਮਾਹਿਰਾਂ ਨਾਲ ਤੁਰੰਤ ਸੰਪਰਕ ਕਰੋ।

**ਕੇ. ਐਸ. ਸੂਰੀ, ਰੂਬਲਜੋਤ ਕੂੰਨਰ ਅਤੇ ਅਮਰਜੀਤ ਸਿੰਘ, ਕੀਟ ਵਿਗਿਆਨ (ਮੋ. 98159-02788)**

BEW

KSA

ਕਿਸਾਨ ਖੁਸ਼ਹਾਲ ਤਾਂ ਦੇਸ਼ ਖੁਸ਼ਹਾਲ

4 IN 1 COMBO

BEW ਸੁਪਰ ਸੀਡਰ



● ਲੋਨ ਉਪਲੱਬਧ
● ਸਬਸਿਡੀ ਉਪਲੱਬਧ
● ਬੁਕਿੰਗ ਸ਼ੁਰੂ
● ਪਾਊਡਰ ਕੋਟਿੰਗ ਪੇਂਟ
● ਪੇਟੇਂਟ ਡਿਜ਼ਾਇਨ

TOLL FREE NUMBER 1800-120-004455

● KS AGROTECH PVT. LTD.
● BHAGWAN ENGINNERING WORKS
● KS POWERTECH PVT. LTD.
● KS AGRICULTURAL INDUSTRIES PVT. LTD.

Raikot Road, Malerkotla - 148023, Distt. Sangrur Punjab
M. : 92170-70755, 92170-71755
E-mail : sales@ksagrotech.org, Info@ksagrotech.org
www.ksagrotech.org, www.bewindia.co



# ਝੋਨੇ ਅਤੇ ਬਾਸਮਤੀ ਵਿਚ ਸਰਵਪੱਖੀ ਖਾਦ ਪ੍ਰਬੰਧਨ : ਸਮੇਂ ਦੀ ਲੋੜ

ਅਸ਼ੋਕ ਕੁਮਾਰ ਗਰਗ
ਅਤੇ ਗੋਬਿੰਦਰ ਸਿੰਘ,
ਕਿਸਾਨ ਸਲਾਹਕਾਰ ਸੇਵਾ
ਕੇਂਦਰ, ਸੰਗਰੂਰ
(ਮੋ. 950 18-55223)

ਫਸਲਾਂ ਵਿਚ ਬੇਲੋੜੀਆਂ ਅਤੇ ਬੇਵਕਤੀ ਖਾਦਾਂ ਦੀ ਵਰਤੋਂ ਨਾਲ ਜਿੱਥੇ ਫਸਲ ਦੀ ਉਤਪਾਦਨ ਲਾਗਤ ਵਧਦੀ ਹੈ ਉੱਥੇ ਸਮਰੱਥਾ ਤੋਂ ਘੱਟ ਝਾੜ ਮਿਲਣ ਕਰਕੇ ਸ਼ੁੱਧ ਆਮਦਨ ਵੀ ਘਟਦੀ ਹੈ ਅਤੇ ਭੂਮੀ ਦੇ ਮਿਆਦ 'ਤੇ ਵੀ ਮਾੜਾ ਪ੍ਰਭਾਵ ਪੈਂਦਾ ਹੈ। ਇਸ ਕਰਕੇ ਰਸਾਇਣਕ ਖਾਦਾਂ ਹੀ ਸਹੀ ਅਤੇ ਸੰਤੁਲਿਤ ਵਰਤੋਂ ਦੇ ਨਾਲ-ਨਾਲ ਜੈਵਿਕ ਖਾਦਾਂ ਨੂੰ ਵੀ ਤਰਜੀਹ ਦੇਣੀ ਚਾਹੀਦੀ ਹੈ। ਝੋਨੇ ਅਤੇ ਬਾਸਮਤੀ ਵਿਚ ਰਸਾਇਣਕ ਅਤੇ ਜੈਵਿਕ ਖਾਦਾਂ ਦਾ ਸੁਮੇਲ ਚੰਗੀ ਪੈਦਾਵਾਰ ਦੇ ਨਾਲ-ਨਾਲ ਜ਼ਮੀਨ ਦੀ ਸਿਹਤ ਨੂੰ ਵੀ ਬਰਕਰਾਰ ਰੱਖ ਸਕਦਾ ਹੈ। ਜਿਸ ਦੀ ਸਹੀ ਵਰਤੋਂ ਲਈ ਵਿਉਂਤਬੰਦੀ ਹੇਠ ਲਿਖੇ ਅਨੁਸਾਰ ਹੈ :

**ੳ) ਬਿਨਾਂ ਕੱਦੂ ਕੀਤੇ ਝੋਨੇ ਦੀ ਸਿੱਧੀ ਬਿਜਾਈ ਵਿਚ ਖਾਦਾਂ ਦੀ ਵਰਤੋਂ** : ਝੋਨੇ ਦੀ ਸਿੱਧੀ ਬਿਜਾਈ ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਵਿਚ ਹੀ ਕਰੋ ਕਿਉਂਕਿ ਰੇਤਲੀਆਂ ਜ਼ਮੀਨਾਂ ਵਿਚ ਲੋਹੇ ਦੀ ਘਾਟ ਜ਼ਿਆਦਾ ਆਉਂਦੀ ਹੈ। ਬਿਜਾਈ ਸਮੇਂ 8-10 ਕਿਲੋ ਬੀਜ ਨੂੰ 12 ਘੰਟਿਆਂ ਲਈ 2% ਪੋਟਾਸ਼ੀਅਮ ਨਾਈਟ੍ਰੇਟ ਦੇ ਘੋਲ (10 ਲੀਟਰ ਪਾਣੀ ਵਿਚ 200 ਗ੍ਰਾਮ ਪੋਟਾਸ਼ੀਅਮ ਨਾਈਟ੍ਰੇਟ) ਵਿਚ ਭਿਉਂ ਕੇ, ਛਾਵੇਂ ਸੁਕਾ ਕੇ, 24-30 ਗ੍ਰਾਮ ਸਪਰਿੰਟ 75 ਡਬਲਯੂ ਐਸ (ਮੈਨਕੋਜ਼ੇਬ + ਕਾਰਬੈਂਡਾਜ਼ਿਮ) ਨਾਲ ਸੋਧ ਲਉ। ਰਸਾਇਣਕ ਖਾਦਾਂ ਵਿਚੋਂ ਯੂਰੀਆ 130 ਕਿਲੋ ਪ੍ਰਤੀ ਏਕੜ ਤਿੰਨ ਬਰਾਬਰ ਹਿੱਸਿਆਂ ਵਿਚ ਵੰਡ ਕੇ ਲੁਆਈ ਤੋਂ 4-6 ਅਤੇ 9 ਹਫਤਿਆਂ ਬਅਦ ਛੱਟੇ ਨਾਲ ਪਾਉ। ਫਾਸਫੋਰਸ ਅਤੇ ਪੋਟਾਸ਼ ਖਾਦਾਂ ਦੀ ਵਰਤੋਂ ਮਿੱਟੀ ਪਰਖ ਰਿਪੋਰਟ ਦੇ ਆਧਾਰ ਤੇ ਹੀ ਕਰੋ। ਜਿੱਥੇ ਸਿੱਧੀ ਬਿਜਾਈ ਵਾਲੇ ਝੋਨੇ ਨੂੰ 6 ਟਨ ਰੂੜੀ ਪ੍ਰਤੀ ਏਕੜ ਜਾਂ ਸਣ ਨੂੰ ਹਰੀ ਖਾਦ ਦੇ ਤੌਰ 'ਤੇ ਝੋਨੇ ਤੋਂ ਪਹਿਲਾਂ ਦਬਾਇਆ ਹੋਵੇ, ਉੱਥੇ ਯੂਰੀਏ ਦੀ ਮਾਤਰਾ ਘਟਾ ਕੇ 90 ਕਿਲੋ ਪ੍ਰਤੀ ਏਕੜ ਤੇ ਗਰਮੀ ਰੁੱਤ ਦੀ ਮੂੰਗੀ ਨੂੰ ਫਲੀਆਂ ਤੋੜਨ ਤੋਂ ਬਾਅਦ ਦਬਾਉਣ ਤੇ 110 ਕਿੱਲੋ ਪ੍ਰਤੀ ਏਕੜ ਪਾਉ। ਬਾਸਮਤੀ ਦੀ ਸਿੱਧੀ ਬਿਜਾਈ ਵਾਲੀ ਫਸਲ ਨੂੰ ਕੇਵਲ 54 ਕਿਲੋ ਯੂਰੀਆ ਪ੍ਰਤੀ ਏਕੜ ਤਿੰਨ ਬਰਾਬਰ ਹਿੱਸਿਆਂ ਵਿਚ ਵੰਡ ਕੇ ਬਿਜਾਈ ਤੋਂ 3, 6 ਅਤੇ 9 ਹਫਤਿਆਂ ਬਾਅਦ ਛੱਟੇ ਨਾਲ ਪਾਇਆ ਜਾ ਸਕਦਾ ਹੈ। ਦੇਖਣ ਵਿਚ ਆਉਂਦਾ ਹੈ ਕਿ ਫਸਲ ਵਿਚ ਜ਼ਿੰਕ ਦੀ ਘਾਟ ਨਾਲ ਬੂਟੇ ਮਧਰੇ ਰਹਿ ਜਾਂਦੇ ਹਨ ਅਤੇ ਬੂਝਾ ਬਹੁਤ ਘੱਟ ਬਣਦਾ ਹੈ। ਜ਼ਿੰਕ ਦੀ ਘਾਟ ਦੀਆਂ ਨਿਸ਼ਾਨੀਆਂ ਸਭ ਤੋਂ ਪਹਿਲਾਂ ਹੇਠਲੇ ਪੱਤਿਆਂ ਤੇ ਨਜ਼ਰ ਆਉਂਦੀਆਂ ਹਨ। ਪੱਤਿਆਂ ਦੀਆਂ ਨਾੜੀਆਂ ਵਿਚਕਾਰਲੀ ਜਗ੍ਹਾ ਤੇ ਹਲਕੇ ਪੀਲੇ ਧੱਬੇ ਬਣ ਜਾਂਦੇ ਹਨ ਜਿਹੜੇ ਕਿ ਬਾਅਦ ਵਿਚ ਭੂਰੇ ਰੰਗ ਦੇ ਹੋ ਜਾਂਦੇ ਹਨ। ਹੌਲੀ-ਹੌਲੀ ਇਹ ਧੱਬੇ ਵੱਡੇ ਹੋ ਜਾਂਦੇ ਹਨ ਅਤੇ ਪੱਤੇ ਜੰਗਾਲੇ ਜਿਹੇ ਲੱਗਣ ਲੱਗ ਜਾਂਦੇ ਹਨ। ਅਖੀਰ ਵਿਚ ਇਹ ਪੱਤੇ ਸੁੱਕ ਜਾਂਦੇ ਹਨ। ਜੇਕਰ ਖੇਤ ਵਿਚ ਪਿਛਲੀ ਫਸਲ ਵਿਚ ਜ਼ਿੰਕ ਦੀ ਕਮੀ ਦੇ ਲੱਛਣ ਦਿਖਾਈ ਦਿੱਤੇ ਸੀ, ਤਾਂ 25 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡਰੇਟ (21%) ਜਾਂ 16 ਕਿਲੋ ਜ਼ਿੰਕ ਸਲਫੇਟ ਮੋਨੋਹਾਈਡਰੇਟ (33%) ਪ੍ਰਤੀ ਏਕੜ ਝੋਨੇ 'ਚ ਪਾਉ। ਹਲਕੀਆਂ ਜ਼ਮੀਨਾਂ ਜਿਵੇਂ ਕਿ ਰੇਤਲੀ ਤੇ ਮੈਰਾ ਰੇਤਲੀ ਜ਼ਮੀਨ, ਜਿਨ੍ਹਾਂ ਵਿਚ ਪਾਣੀ ਜਜ਼ਬ ਕਰਨ ਦੀ ਸਮਰੱਥਾ ਘੱਟ ਹੁੰਦੀ ਹੈ ਤੇ ਹਵਾਖੋਰੀ ਜ਼ਿਆਦਾ ਹੁੰਦੀ ਹੈ ਅਤੇ ਇਹ ਲੋਹੇ ਦੀ ਕਮੀ ਨੂੰ ਦਰਸਾਉਣ ਲਈ ਵਧੇਰੇ ਸੰਭਾਵਿਤ ਹੁੰਦੀਆਂ ਹਨ। ਇਸ ਲਈ ਇਨ੍ਹਾਂ ਜ਼ਮੀਨਾਂ ਵਿਚ ਲੋਹੇ ਦੀ ਘਾਟ ਕਾਰਨ ਝੋਨੇ ਦੀ ਸਿੱਧੀ ਬਿਜਾਈ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

**ਅ) ਕੱਦੂ ਵਾਲੇ ਝੋਨੇ ਵਿਚ ਖਾਦਾਂ ਦੀ ਵਰਤੋਂ** : ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਵਲੋਂ ਝੋਨੇ ਦੀ ਨਰੋਈ ਪਨੀਰੀ ਤਿਆਰ ਕਰਨ ਲਈ 26 ਕਿਲੋ ਯੂਰੀਆ, 60 ਕਿਲੋ ਸਿੰਗਲ ਸੁਪਰ ਫਾਸਫੇਟ ਅਤੇ 40 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡਰੇਟ ਪ੍ਰਤੀ ਏਕੜ ਬਿਜਾਈ ਵੇਲੇ ਪਾਉਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਪਨੀਰੀ ਬੀਜਣ ਤੋਂ 15 ਦਿਨ ਬਾਅਦ ਦੁਬਾਰਾ 26 ਕਿਲੋ ਯੂਰੀਆ ਪ੍ਰਤੀ ਏਕੜ ਪਾਉ ਤਾਂ ਜੋ 25-30 ਦਿਨਾਂ ਦੀ ਪਨੀਰੀ ਲਾਉਣ ਲਈ ਤਿਆਰ ਹੋ ਜਾਵੇ। ਪਨੀਰੀ ਵਿਚ ਜ਼ਿੰਕ ਦੀ ਘਾਟ ਨੂੰ ਵੀ ਪਹਿਲਾਂ ਦੱਸੇ ਅਨੁਸਾਰ ਪੂਰਾ ਕਰੋ। ਇਸੇ ਤਰ੍ਹਾਂ, ਲੋਹੇ ਦੀ ਘਾਟ ਨਵੇਂ ਪੱਤਿਆਂ ਵਿਚ ਪਹਿਲਾਂ ਹੁੰਦੀ ਹੈ ਅਤੇ ਰੇਤਲੀ ਮਿੱਟੀ ਵਿਚ ਵਧੇਰੇ ਅਕਸਰ ਦਿਖਾਈ ਦਿੰਦੀ ਹੈ। ਲੋਹੇ ਦੀ ਘਾਟ ਨਾਲ ਨਵੇਂ ਨਿਕਲ ਰਹੇ ਪੱਤੇ ਪੀਲੇ ਪੈ ਜਾਂਦੇ ਹਨ ਤੇ ਜ਼ਿਆਦਾ ਘਾਟ ਹੋਣ ਤੇ ਪੱਤਿਆਂ ਦਾ ਰੰਗ ਸਫੈਦ ਹੋ ਜਾਂਦਾ ਹੈ। ਲੋਹੇ ਦੀ ਘਾਟ ਨੂੰ ਪੂਰਾ ਕਰਨ ਲਈ 1% ਫੈਰਸ ਸਲਫੇਟ ਦੇ (1 ਕਿਲੋ ਫੈਰਸ ਸਲਫੇਟ 100 ਲਿਟਰ ਪਾਣੀ ਵਿਚ ਘੋਲ ਕੇ) ਦੋ-ਤਿੰਨ ਛਿੜਕਾਅ ਹਫਤੇ-ਹਫਤੇ ਦੀ ਵਿੱਥ ਤੇ ਕਰੋ। ਧਿਆਨ ਰਹੇ ਕਿ ਲੋਹੇ ਦੀ ਘਾਟ ਲਈ ਜ਼ਮੀਨ ਰਾਹੀਂ ਪੂਰਤੀ ਅਸਰਦਾਰ ਨਹੀਂ ਹੈ, ਇਸ ਲਈ ਹਮੇਸ਼ਾ ਛਿੜਕਾਅ ਹੀ ਕਰੋ।

ਜ਼ਮੀਨ ਦੀ ਜੈਵਿਕ ਸਿਹਤ ਬਰਕਰਾਰ ਰੱਖਣ ਲਈ ਅਤੇ ਚੰਗਾ ਝਾੜ ਪ੍ਰਾਪਤ ਕਰਨ ਲਈ ਰਸਾਇਣਕ ਖਾਦਾਂ ਦੇ ਨਾਲ ਨਾਲ ਜੈਵਿਕ ਅਤੇ ਜੀਵਾਣੂੰ ਖਾਦਾਂ ਦੀ ਵਰਤੋਂ ਦਾ ਵੇਰਵਾ ਸਾਰਣੀ 1 ਵਿਚ ਦਿੱਤਾ ਗਿਆ ਹੈ। ਇਸ ਲਈ ਪੀ.ਏ.ਯੂ. ਲੁਧਿਆਣਾ ਵੱਲੋਂ ਤਿਆਰ ਕੀਤਾ ਜੀਵਾਣੂੰ ਖਾਦ ਦਾ ਟੀਕਾ ਜਿਸ ਦੇ ਇਕ ਪੈਕਟ (ਐਜ਼ਸਪਾਇਰੀਲਮ) ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਇਕ ਏਕੜ ਝੋਨੇ ਦੀ ਪਨੀਰੀ ਦੀਆਂ ਜੜ੍ਹਾਂ ਘੱਟ ਘੱਟ 45 ਮਿੰਟਾਂ ਲਈ ਡੁਬੋਣ ਨਾਲ 3-4% ਝਾੜ ਵਧਾਇਆ ਜਾ ਸਕਦਾ ਹੈ। ਇਸ ਟੀਕੇ ਵੱਖ-ਵੱਖ ਜੀਵਾਣੂੰਆਂ ਦਾ ਸੁਮੇਲ ਨਾਲ ਬਣਾਏ ਜਾਂਦੇ ਹਨ ਜਿਨ੍ਹਾਂ ਨੂੰ ਪੌਦਿਆਂ ਦੀਆਂ ਜੜ੍ਹਾਂ ਨਾਲ ਲਗਾਉਣ ਨਾਲ ਖੁਰਾਕੀ ਤੱਤਾਂ ਖਾਸ ਤੌਰ ਤੇ ਨਾਈਟ੍ਰੋਜਨ ਤੱਤ ਦੀ ਹਵਾ ਵਿਚੋਂ ਉਪਲੱਬਧਤਾ ਵਧਾਈ ਜਾ ਸਕਦੀ ਹੈ। ਇਸ ਤੋਂ ਇਲਾਵਾ ਇਹ ਸੂਖਮ ਜੀਵ ਮਿੱਟੀ ਵਿਚ ਕਿਰਿਆਵਾ ਕਰਕੇ ਹਾਰਮੋਨ ਬਣਾਉਂਦੇ ਹਨ ਜੋ ਕਿ ਬੂਟਿਆਂ ਦੇ ਵੱਧਣ-ਫੁੱਲਣ ਵਿਚ ਵੀ ਸਹਾਈ ਹੁੰਦੇ ਹਨ। ਇਹਨਾਂ ਦੀ ਵਰਤੋਂ ਨਾਲ ਘੱਟ ਖਰਚੇ ਵਿਚ ਬੂਟੇ ਨੂੰ ਪੋਸ਼ਣ ਮਿਲਦਾ ਹੈ ਅਤੇ ਫਸਲ ਦਾ ਝਾੜ ਨਾਲ ਘੱਟ ਖਰਚੇ ਵਿਚ ਬੂਟੇ ਨੂੰ ਪੋਸ਼ਣ ਮਿਲਦਾ ਹੈ ਅਤੇ ਫਸਲ ਦਾ ਝਾੜ ਵੀ ਵਧਦਾ ਹੈ। ਇਹ ਟੀਕਾ ਵੱਖ-ਵੱਖ ਜ਼ਿਲ੍ਹਿਆਂ ਦੇ ਫਾਰਮ ਸਲਾਹਕਾਰ ਸੇਵਾ ਕੇਂਦਰਾਂ, ਕ੍ਰਿਸ਼ੀ ਵਿਗਿਆਨ ਕੇਂਦਰਾਂ, ਅਤੇ ਪੀ. ਏ. ਯੂ. ਦੀ ਬੀਜਾਂ ਦੀ ਦੁਕਾਨ (ਗੇਟ ਨੰ: 1) ਤੋਂ ਕੇਵਲ 40 ਰੁਪਏ ਵਿਚ ਪ੍ਰਾਪਤ ਕੀਤਾ ਜਾ ਸਕਦਾ ਹੈ। ਜਿਨ੍ਹਾਂ ਖੇਤਾਂ ਵਿਚ ਝੋਨੇ ਦੀ ਪਰਾਲੀ ਜਾਂ ਝੋਨੇ ਅਤੇ ਕਣਕ ਦੋਵਾਂ ਦੀ ਪਰਾਲੀ ਖੇਤ ਵਿਚ ਲਗਾਤਾਰ ਵਾਹੀ ਹੋਵੇ ਉੱਥੇ 8 ਸਾਲਾਂ ਮਗਰੋਂ ਜਾਂ ਮਿੱਟੀ ਪਰਖ ਰਿਪੋਰਟ ਅਨੁਸਾਰ ਜੈਵਿਕ ਮਾਦਾ 'ਵੱਧ' ਸ਼੍ਰੇਣੀ ਵਿਚ ਆ ਜਾਵੇ ਝੋਨੇ ਵਿਚ 20 ਕਿਲੋ ਪ੍ਰਤੀ ਏਕੜ ਯੂਰੀਆ ਦੀ ਬੱਚਤ ਕੀਤੀ ਜਾ ਸਕਦੀ ਹੈ।

ਫੋਕ ਘਟਾਉਣ ਲਈ ਜਦੋਂ ਫਸਲ ਗੋਭ ਵਿਚ ਹੋਵੇ ਤਾਂ 1.5 ਪ੍ਰਤੀਸ਼ਤ ਪੋਟਾਸ਼ੀਅਮ ਨਾਈਟ੍ਰੇਟ (ਤਿੰਨ ਕਿਲੋ ਪੋਟਾਸ਼ੀਅਮ ਨਾਈਟ੍ਰੇਟ ਨੂੰ 200 ਲਿਟਰ ਪਾਣੀ ਵਿਚ 'ਚ ਘੋਲ ਕੇ) ਪ੍ਰਤੀ ਏਕੜ ਦਾ ਛਿੜਕਾਅ ਕਰੋ। ਇਹ ਅਕਸਰ ਦੇਖਣ ਵਿਚ ਆਇਆ ਹੈ ਕਿ ਕਿਸਾਨ ਵੀਰ ਬਾਸਮਤੀ ਨੂੰ ਵੀ ਝੋਨੇ ਜਿੰਨੀ ਹੀ ਯੂਰੀਆ ਖਾਦ ਪਾ ਦਿੰਦੇ ਹਨ ਇਸ ਲਈ ਵੱਖ-ਵੱਖ ਕਿਸਮਾਂ ਦੀ ਬਾਸਮਤੀ ਵਿਚ ਹੇਠਾਂ ਦਿੱਤੀ ਸਾਰਣੀ 2 ਮੁਤਾਬਿਕ ਹੀ ਯੂਰੀਆ ਖਾਦ ਦੀ ਵਰਤੋਂ ਕਰੋ ਕਿਉਂਕਿ ਵਧੇਰੇ ਯੂਰੀਆ ਨਾਲ ਪੌਦੇ ਦਾ ਫੈਲਾਅ ਅਤੇ ਉਚਾਈ ਜ਼ਿਆਦਾ ਵੱਧ ਜਾਂਦਾ ਹੈ, ਜਿਸ ਨਾਲ ਫਸਲ ਡਿੱਗ ਪੈਂਦੀ ਹੈ ਅਤੇ ਝਾੜ ਘੱਟ ਜਾਂਦਾ ਹੈ।

**ਸਾਰਣੀ 2 : ਬਾਸਮਤੀ ਵਿਚ ਖਾਦਾਂ* ਦੀ ਵਰਤੋਂ**

| ਕਿਸਮ | ਯੂਰੀਆ (ਪ੍ਰਤੀ ਏਕੜ) |
|---|---|
| ਸੀ ਐਸ ਆਰ 30 | 9 ਕਿਲੋ ਪਨੀਰੀ ਲਾਉਣ ਤੋਂ ਤਿੰਨ ਹਫਤੇ ਬਾਅਦ+ 9 ਕਿਲੋ ਪਨੀਰੀ ਲਾਉਣ ਤੋਂ ਛੇ ਹਫਤੇ ਬਾਅਦ |
| ਪੰਜਾਬ ਬਾਸਮਤੀ 7, ਪੰਜਾਬ ਬਾਸਮਤੀ 5, | 18 ਕਿਲੋ ਪਨੀਰੀ ਲਾਉਣ ਤੋਂ ਤਿੰਨ ਹਫਤੇ ਬਾਅਦ+ 18 ਕਿਲੋ ਪਨੀਰੀ ਲਾਉਣ ਤੋਂ ਛੇ ਹਫਤੇ ਬਾਅਦ |
| ਪੂਸਾ ਬਾਸਮਤੀ 1121, ਪੂਸਾ ਬਾਸਮਤੀ 1718 ਪੂਸਾ ਬਾਸਮਤੀ 1509 ਅਤੇ ਪੂਸਾ ਬਾਸਮਤੀ 1847 | 27 ਕਿਲੋ ਪਨੀਰੀ ਲਾਉਣ ਤੋਂ ਤਿੰਨ ਹਫਤੇ ਬਾਅਦ+ 27 ਕਿਲੋ ਪਨੀਰੀ ਲਾਉਣ ਤੋਂ ਛੇ ਹਫਤੇ ਬਾਅਦ |

* ਫਾਸਫੋਰਸ ਵਾਲੀ ਖਾਦ ਝੋਨੇ ਵਾਂਗ ਉਦੋਂ ਹੀ ਪਾਉ ਜੇਕਰ ਪਹਿਲਾਂ ਬੀਜੀ ਕਣਕ ਵਿਚ ਡੀ ਏ ਪੀ ਦੀ ਸਿਫਾਰਸ਼ ਕੀਤੀ ਮਾਤਰਾ ਨਾ ਪਾਈ ਹੋਵੇ, ਪੋਟਾਸ਼ ਖਾਦ ਦੀ ਵਰਤੋਂ ਵੀ ਮਿੱਟੀ ਪਰਖ ਆਧਾਰ 'ਤੇ ਕਰੋ। ਜੇਕਰ ਖੇਤ ਵਿਚ ਢੈਂਚੇ ਜਾਂ ਸਣ ਜਾਂ ਮੂੰਗੀ ਦੇ ਹਰੇ ਟਾਂਗਰ ਨੂੰ ਹਰੀ ਖਾਦ ਵਜੋਂ ਖੇਤ ਵਿਚ ਦਬਾਇਆ ਹੋਵੇ ਤਾਂ ਬਾਸਮਤੀ ਨੂੰ ਯੂਰੀਆ ਖਾਦ ਪਾਉਣ ਦੀ ਲੋੜ ਨਹੀਂ।

ਝੋਨੇ ਅਤੇ ਬਾਸਮਤੀ ਵਿਚ ਰਸਾਇਣਕ ਅਤੇ ਜੈਵਿਕ ਖਾਦਾਂ ਦੀ ਸੁਯੋਗ ਵਰਤੋਂ ਲਈ ਪੱਤਾ ਰੰਗ ਚਾਰਟ ਦੀ ਵਰਤੋਂ ਕਾਫੀ ਲਾਹੇਵੰਦ ਹੈ। ਇਹ ਚਾਰਟ ਭੂਮੀ ਵਿਗਿਆਨ ਵਿਭਾਗ, ਪੀ.ਏ.ਯੂ., ਲੁਧਿਆਣਾ ਤੋਂ ਖਰੀਦਿਆ ਜਾ ਸਕਦਾ ਹੈ ਜਾਂ ਫਾਰਮ ਸਲਾਹਕਾਰ ਸੇਵਾ ਕੇਂਦਰਾਂ ਦੇ ਮਾਹਿਰਾਂ ਨਾਲ ਸੰਪਰਕ ਕਰਕੇ ਪ੍ਰਾਪਤ ਕੀਤਾ ਜਾ ਸਕਦਾ ਹੈ।

**ਕਲਰਾਠੀਆਂ ਜ਼ਮੀਨਾਂ ਵਿਚ ਖਾਦ ਪ੍ਰਬੰਧਨ**

ਕਲਰਾਠੀਆਂ ਜ਼ਮੀਨਾਂ ਵਿਚ ਸਾਧਾਰਨ ਜ਼ਮੀਨਾਂ ਨਾਲੋਂ 20-25% ਵਾਧੂ ਨਾਈਟ੍ਰੋਜਨ ਪਾਓ ਕਿਉਂਕਿ ਇਨ੍ਹਾਂ ਵਿਚ ਜੈਵਿਕ ਕਾਰਬਨ ਦੀ ਮਾਤਰਾ ਘੱਟ ਹੁੰਦੀ ਹੈ ਅਤੇ ਜ਼ਿਆਦਾ ਖਾਰੀ ਅੰਗ (9.3 ਤੋਂ ਜ਼ਿਆਦਾ) ਹੋਣ ਕਾਰਨ ਬੂਟੇ ਨਾਈਟ੍ਰੋਜਨ ਤੱਤ ਵੀ ਘੱਟ ਲੈ ਸਕਦੇ ਹਨ। ਇਸ ਕਰਕੇ 130 ਕਿਲੋ ਯੂਰੀਆ ਪ੍ਰਤੀ ਏਕੜ ਤਿੰਨ ਬਰਾਬਰ ਕਿਸ਼ਤਾਂ ਵਿਚ ਪਾਓ। ਪਹਿਲੀ ਕਿਸ਼ਤ ਪਨੀਰੀ ਲਾਉਣ ਸਮੇਂ, ਦੂਜੀ ਤੇ ਤੀਜੀ ਕਿਸ਼ਤ ਪਨੀਰੀ ਲਾਉਣ ਤੋਂ 3 ਤੋਂ 6 ਹਫਤੇ ਬਾਅਦ ਪਾਓ। ਇਨ੍ਹਾਂ ਜ਼ਮੀਨਾਂ ਵਿਚ ਫਾਸਫੋਰਸ ਅਤੇ ਪੋਟਾਸ਼ ਤੱਤ ਦੀ ਮਾਤਰਾ ਆਮ ਜ਼ਮੀਨਾਂ ਜਿੰਨੀ ਹੀ ਪਾਓ। ਖੇਤ ਦੀ ਤਿਆਰੀ ਸਮੇਂ 25 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡਰੇਟ (21%) ਜਾਂ 16 ਕਿਲੋ ਜ਼ਿੰਕ ਸਲਫੇਟ ਮੋਨੋਹਾਈਡਰੇਟ (33%) ਪ੍ਰਤੀ ਏਕੜ ਦੇ ਹਿਸਾਬ ਵਰਤੋਂ। ਜੇਕਰ ਝੋਨੇ ਤੋਂ ਪਹਿਲਾਂ ਜੰਤਰ ਦੀ ਹਰੀ ਖਾਦ ਦੀ ਕਾਸ਼ਤ ਕੀਤੀ ਹੋਵੇ ਤਾਂ ਫਾਸਫੋਰਸ ਵਾਲੀ ਖਾਦ ਜੰਤਰ ਦੀ ਫਸਲ ਨੂੰ ਹੀ ਪਾ ਦੇਵੋ ਅਤੇ ਝੋਨੇ ਨੂੰ ਕੋਈ ਫਾਸਫੋਰਸ ਖਾਦ ਪਾਉਣ ਦੀ ਲੋੜ ਨਹੀਂ।

**ਸਾਰਣੀ 1 : ਕੱਦੂ ਵਾਲੇ ਝੋਨੇ ਵਿਚ ਰਸਾਇਣਕ ਤੇ ਜੈਵਿਕ ਖਾਦਾਂ ਦੀ ਵਰਤੋਂ**

| ਰਸਾਇਣਕ ਖਾਦਾਂ (ਪ੍ਰਤੀ ਏਕੜ) | | | | | ਜੈਵਿਕ ਖਾਦਾਂ (ਪ੍ਰਤੀ ਏਕੜ) ਕੇਵਲ ਨਾਈਟ੍ਰੋਜਨ ਦੀ ਪੂਰਤੀ ਲਈ | | | | |
|---|---|---|---|---|---|---|---|---|---|
| ਨਿੰਮ ਲਿਪਤ ਯੂਰੀਆ* | | | ਡੀ ਏ ਪੀ | ਮਿਊਰੇਟ ਆਫ ਪੋਟਾਸ਼ | ਰੂੜੀ ਦੀ ਖਾਦ | ਹਰੀ ਖਾਦ | ਪ੍ਰੈਸਮੱਡ | ਮੁਰਗੀਆਂ | ਪਰਾਲੀਚਾਰ |
| 30 ਕਿਲੋ ਲੁਆਈ ਤੋਂ 7 ਦਿਨਾਂ ਤੱਕ | 30 ਕਿਲੋ ਲੁਆਈ ਤੋਂ 21 ਦਿਨਾਂ ਤੱਕ | 30 ਕਿਲੋ ਲੁਆਈ ਤੋਂ 42 ਦਿਨਾਂ ਤੱਕ | 27 ਕਿਲੋ ਕੱਦੂ ਕਰਨ ਤੋਂ ਪਹਿਲਾਂ ਜਾਂ 3 ਹਫਤਿਆਂ ਤੱਕ ਦੀ ਫਸਲ ਵਿਚ, ਜੇਕਰ ਕਣਕ ਨੂੰ ਪੂਰੀ ਮਾਤਰਾ ਨਾ ਪਾਈ ਹੋਵੇ। | 20 ਕਿਲੋ ਜੇਕਰ ਮਿੱਟੀ ਸਿਹਤ ਕਾਰਡ ਵਿਚ ਘਾਟ ਆਈ ਹੋਵੇ ਤਾਂ ਹੀ ਪਾਓ। | 6 ਟਨ ਰੂੜੀ+ 55 ਕਿਲੋ ਯੂਰੀਆ ਤਿੰਨ ਬਰਾਬਰ ਕਿਸ਼ਤਾਂ 'ਚ | ਢੈਂਚਾ/ਸਣ/ਰਵਾਂਹ ਦੀ ਹਰੀ ਖਾਦ+ 35 ਕਿਲੋ ਯੂਰੀਆ ਤਿੰਨ ਬਰਾਬਰ ਕਿਸ਼ਤਾਂ 'ਚ | 6 ਟਨ ਪ੍ਰੈਸਮੱਡ +35 ਕਿਲੋ ਯੂਰੀਆ ਤਿੰਨ ਬਰਾਬਰ ਕਿਸ਼ਤਾਂ 'ਚ | 2.5 ਟਨ + 35 ਕਿਲੋ ਯੂਰੀਆ ਤਿੰਨ ਬਰਾਬਰ ਕਿਸ਼ਤਾਂ 'ਚ | 2 ਟਨ# + 55 ਕਿਲੋ ਯੂਰੀਆ ਤਿੰਨ ਬਰਾਬਰ ਕਿਸ਼ਤਾਂ 'ਚ |

* ਯੂਰੀਏ ਦੀ ਤੀਜੀ ਅਤੇ ਆਖਰੀ ਕਿਸ਼ਤ ਝੋਨੇ ਦੀਆਂ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਜਿਵੇਂ ਕਿ ਪੀ ਆਰ 126 ਨੂੰ ਲੁਆਈ ਤੋਂ 35 ਦਿਨਾਂ ਤੇ ਪਾਉ।
\# 2 ਟਨ ਪਰਾਲੀਚਾਰ ਪ੍ਰਤੀ ਏਕੜ ਦੀ ਵਰਤੋਂ ਨਾਲ ਨਾਈਟ੍ਰੋਜਨ ਦੀ ਬੱਚਤ ਦੇ ਨਾਲ-ਨਾਲ ਝਾੜ ਵਿਚ 10 ਪ੍ਰਤੀਸ਼ਤ ਦਾ ਵਾਧਾ ਹੁੰਦਾ ਹੈ।

ਗਗਨਦੀਪ ਧਵਨ,
ਮਨਦੀਪ ਸਿੰਘ, ਹਰਿੰਦਰ ਸਿੰਘ,
ਕ੍ਰਿਸ਼ੀ ਵਿਗਿਆਨ ਕੇਂਦਰ, ਕਪੂਰਥਲਾ
(ਮੋ. 70098-69607)

# ਕਲਰਾਠੀਆਂ ਜ਼ਮੀਨਾਂ ਵਿੱਚ ਝੋਨੇ ਦੀ ਸਫਲ ਕਾਸ਼ਤ ਦੇ ਤਰੀਕੇ

ਕਲਰਾਠੀਆਂ ਜ਼ਮੀਨਾਂ ਵਿਚ ਝੋਨੇ ਦਾ ਵਧੇਰਾ ਝਾੜ ਲੈਣ ਲਈ ਹੇਠ ਦਿੱਤੇ ਨੁਕਤਿਆਂ ਦੀ ਸਿਫਾਰਸ਼ ਕੀਤੀ ਜਾਂਦੀ ਹੈ।

**ਜਿਪਸਮ ਦੀ ਵਰਤੋਂ** : ਜਿਪਸਮ ਦੀ ਵਰਤੋਂ ਮਿੱਟੀ ਪਰਖ ਦੇ ਅਧਾਰ ਤੇ (ਖਾਰੀ ਅੰਗ 9.3 ਤੋਂ ਵੱਧ) ਕੀਤੀ ਜਾਵੇ। ਜਿਪਸਮ ਪਾਉਣ ਉਪਰੰਤ ਖੇਤ ਨੂੰ ਇਕ ਜਾਂ ਦੋ ਭਰਵੇਂ ਪਾਣੀ ਲਾਏ ਜਾਣ।

**ਜ਼ਮੀਨ ਦੀ ਤਿਆਰੀ** : 9.3 ਤੋਂ ਵੱਧ ਖਾਰੀ ਅੰਗ ਵਾਲੀਆਂ ਜ਼ਮੀਨਾਂ ਵਿਚ ਪਾਣੀ ਦੀ ਰਸਾਈ ਬਹੁਤ ਘੱਟ ਹੋਣ ਕਾਰਨ ਕੱਦੂ ਕਰਨ ਤੋਂ ਗੁਰੇਜ਼ ਕਰੋ। ਇਸ ਤਰ੍ਹਾਂ ਦੀਆਂ ਜ਼ਮੀਨਾਂ ਵਿਚ ਝੋਨੇ ਦੀ ਲਵਾਈ ਤੋਂ ਪਹਿਲਾਂ ਖੇਤ ਨੂੰ ਪਾਣੀ ਨਾਲ ਭਰ ਕੇ ਹਲਕਾ ਜਿਹਾ ਸੁਹਾਗਾ ਦਿਓ ਤਾਂ ਜੋ ਢੇਲੇ ਭੁਰ ਜਾਣ।

**ਕਲਰਾਠੀਆਂ ਜ਼ਮੀਨਾਂ ਵਿਚ ਪਨੀਰੀ ਲਾਉਣ ਦਾ ਢੰਗ** : ਇਨ੍ਹਾਂ ਜ਼ਮੀਨਾਂ ਵਿੱਚ ਲੋੜ ਨਾਲੋਂ ਜ਼ਿਆਦਾ ਕਲਰ ਹੋਣ ਕਾਰਨ ਬੂਟੇ ਦਾ ਵਾਧਾ ਹੌਲੀ-ਹੌਲੀ ਹੁੰਦਾ ਹੈ ਜਿਸ ਕਾਰਨ 40 ਦਿਨਾਂ ਦੀ ਉਮਰ ਵਾਲੀ ਪਨੀਰੀ ਨੂੰ ਆਮ ਸਮੇਂ ਤੋਂ ਇਕ ਹਫਤਾ ਪਹਿਲਾਂ ਲਾ ਦੇਣਾ ਚਾਹੀਦਾ ਹੈ। ਕਲਰਾਠੀਆਂ ਜ਼ਮੀਨਾਂ ਵਿਚ ਬੂਟੇ ਬਹੁਤ ਗਿਣਤੀ ਵਿਚ ਮਰ ਜਾਂਦੇ ਹਨ ਜਿਸ ਦੇ ਸਿੱਟੇ ਵਜੋਂ ਝੋਨੇ ਦਾ ਝਾੜ ਘੱਟ ਜਾਂਦਾ ਹੈ। ਸੋ ਝੋਨੇ ਦੀ ਲਵਾਈ ਵੇਲੇ ਇੱਕ ਥਾਂ 3 ਤੋਂ 4 ਬੂਟੇ ਲਾਉਣੇ ਚਾਹੀਦੇ ਹਨ। ਇਸ ਕਿਸਮ ਦੀਆਂ ਜ਼ਮੀਨਾਂ ਵਿਚ ਪੀ ਆਰ 127 ਕਿਸਮ ਦੀ ਕਾਸ਼ਤ ਨਾ ਕਰੋ।

**ਖਾਦਾਂ ਦੀ ਸੁਚੱਜੀ ਵਰਤੋਂ** : ਕੱਲਰ ਵਾਲੀਆਂ ਜ਼ਮੀਨਾਂ ਵਿਚ ਜੈਵਿਕ ਕਾਰਬਨ ਘੱਟ ਹੁੰਦੀ ਹੈ ਅਤੇ ਨਾਈਟ੍ਰੋਜਨ ਤੱਤ ਦੀ ਬੂਟੇ ਨੂੰ ਘੱਟ ਉਪਲੱਬਧਤਾ ਕਾਰਨ ਝੋਨੇ ਨੂੰ ਯੂਰੀਆ ਖਾਦ 20-25 ਪ੍ਰਤੀਸ਼ਤ ਵੱਧ ਪਾਉਣ ਦੀ ਲੋੜ ਪੈਂਦੀ ਹੈ। ਇਸ ਲਈ ਝੋਨੇ ਨੂੰ 130 ਕਿਲੋ ਯੂਰੀਆ (60 ਕਿਲੋ ਨਾਈਟ੍ਰੋਜਨ ਤੱਤ) ਤਿੰਨ ਬਰਾਬਰ ਹਿੱਸਿਆਂ ਵਿਚ ਪਾਓ। ਪਹਿਲਾ ਹਿੱਸਾ ਪਨੀਰੀ ਲਾਉਣ ਸਮੇਂ, ਦੂਜਾ ਹਿੱਸਾ ਤੇ ਤੀਜਾ ਹਿੱਸਾ ਪਨੀਰੀ ਲਾਉਣ ਤੋਂ 3 ਤੋਂ 6 ਹਫਤੇ ਬਾਅਦ ਪਾਉ। ਫਾਸਫੋਰਸ ਤੇ ਪੋਟਾਸ਼ ਤੱਤ ਦੀ ਵਰਤੋਂ ਇਨ੍ਹਾਂ ਜ਼ਮੀਨਾਂ ਵਿਚ ਆਮ ਜ਼ਮੀਨਾਂ ਵਾਂਗ ਹੀ ਕਰੋ। ਝੋਨੇ ਵਿਚ ਜ਼ਿੰਕ ਦੀ ਘਾਟ ਤੋਂ ਬੱਚਣ ਲਈ ਖੇਤੀ ਦੀ ਤਿਆਰੀ ਸਮੇਂ 25 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡਰੇਟ (21%) ਜਾਂ 16 ਕਿਲੋ ਜ਼ਿੰਕ ਸਲਫੇਟ ਮੋਨੋਹਾਈਡਰੇਟ (33%) ਪ੍ਰਤੀ ਏਕੜ ਦੇ ਹਿਸਾਬ ਨਾਲ ਪਾਓ। ਜੇਕਰ ਖੇਤ ਵਿਚ ਜੰਤਰ ਦੀ ਹਰੀ ਖਾਦ ਝੋਨੇ ਤੋਂ ਪਹਿਲਾਂ ਬੀਜੀ ਹੋਵੇ ਤਾਂ ਝੋਨੇ ਨੂੰ ਸਿਫਾਰਿਸ਼ ਫਾਸਫੋਰਸ ਦੀ ਸਾਰੀ ਮਾਤਰਾ ਜੰਤਰ ਨੂੰ ਪਾ ਦੇਣ ਨਾਲ ਫਾਸਫੋਰਸ ਖਾਦ ਦੀ ਵਰਤੋਂ ਝੋਨੇ ਸਮੇਂ ਕਰਨ ਦੀ ਲੋੜ ਨਹੀਂ ਪੈਂਦੀ।




GOVT. OF PUNJAB

ਪੰਜਾਬ ਸਰਕਾਰ
ਭਗਤੀ ਲਹਿਰ ਦੇ ਮੋਢੀ
ਭਗਤ ਕਬੀਰ ਜੀ
ਨੂੰ ਉਨ੍ਹਾਂ ਦੇ
626ਵੇਂ ਜਨਮ ਦਿਵਸ
ਮੌਕੇ ਸ਼ਰਧਾਪੂਰਵਕ ਸਤਿਕਾਰ ਭੇਟ ਕਰਦੀ ਹੈ

ਰਾਜ ਪੱਧਰੀ ਸਮਾਗਮ
22 ਜੂਨ, 2024 ਨੂੰ ਸਵੇਰੇ 10:30 ਵਜੇ
ਜੈਮਜ਼ ਕੈਂਬਰਿਜ ਇੰਟਰਨੈਸ਼ਨਲ ਸਕੂਲ ਆਡੀਟੋਰੀਅਮ,
ਜਲੰਧਰ-ਫ਼ਗਵਾੜਾ ਬਾਈਪਾਸ ਰੋਡ, ਹੁਸ਼ਿਆਰਪੁਰ

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

**ਸਾਲ 42 ਅੰਕ 25**
**ਮਿਤੀ 22-06-2024**

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਭੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ



## ਨੋਟ

- ★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
- ★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
- ★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor, Printer & Publisher JAGPREET SINGH
Printed at Vargenia Printers, Sher-e-Punjab Market, Gaushala Road, PATIALA &
Published at Patiala for Prop. JAGPREET SINGH


# ਸੋਇਆਬੀਨ ਦੀ ਕਾਸ਼ਤ ਲਈ ਮੋਹਰੀ ਜ਼ਿਲਾ ਹੁਸ਼ਿਆਰਪੁਰ


**ਅਜੈਬ ਸਿੰਘ, ਮਨਿੰਦਰ ਸਿੰਘ ਬੌਂਸ ਅਤੇ ਬਲਵਿੰਦਰ ਸਿੰਘ ਗਿੱਲ, ਕ੍ਰਿਸ਼ੀ ਵਿਗਿਆਨ ਕੇਂਦਰ, ਹੁਸ਼ਿਆਰਪੁਰ (ਮੋ. 88476-27524)**


ਸੋਇਆਬੀਨ ਵਿਚ ਲਗਭਗ 40% ਉੱਚ ਗੁਣਵੱਤਾ ਦੀ ਪ੍ਰੋਟੀਨ ਹੁੰਦੀ ਹੈ। ਸੋਇਆਬੀਨ ਵਿਚ 20% ਦੇ ਲੱਗਭਗ ਤੇਲ



ਵੀ ਹੁੰਦਾ ਹੈ। ਸੋਇਆਬੀਨ ਦੇ ਪਦਾਰਥ ਦੇ ਪਦਾਰਥ ਕਾਫੀ ਪੌਸ਼ਣ ਭਰਪੂਰ ਹੁੰਦੇ ਹਨ ਅਤੇ ਇਹਨਾਂ ਦੀ ਮੰਗ ਦਿਨੋ-ਦਿਨ ਵੱਧ ਰਹੀ ਹੈ। ਸੋਇਆਬੀਨ ਫਸਲੀ ਵਿਭਿੰਨਤਾ ਵਿਚ ਵੀ ਇਕ ਅਹਿਮ ਭੂਮਿਕਾ ਨਿਭਾ ਸਕਦੀ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਨੇ ਸੋਇਆਬੀਨ ਦੀਆਂ ਉੱਨਤ ਕਿਸਮਾਂ ਜਿਵੇਂ ਕਿ ਐਸ ਐੱਲ 958, ਐਸ ਐੱਲ 744 ਅਤੇ ਐਸ ਐੱਲ 525 ਦੀ ਸਿਫਾਰਿਸ਼ ਕੀਤੀ ਹੈ। ਸੋਇਆਬੀਨ ਦੀ ਫਸਲ ਵੱਖ-ਵੱਖ ਫਸਲੀ ਚੱਕਰ, ਜਿਵੇਂ ਕਿ ਸੋਇਆਬੀਨ-ਕਣਕ/ਜੌਂ, ਸੋਇਆਬੀਨ-ਗੋਭੀ ਸਰ੍ਹੋਂ (ਪਨੀਰੀ ਦੁਆਰਾ), ਸੋਇਆਬੀਨ-ਮਟਰ-ਗਰਮ ਰੁੱਤ ਦੀ ਮੂੰਗੀ ਵਿਚ ਅਪਣਾਈ ਜਾ ਸਕਦੀ ਹੈ।

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵੱਲੋਂ ਵੀ ਸੋਇਆਬੀਨ ਦੀ ਫਸਲ ਨੂੰ ਅਪਨਾਉਣ ਸੰਬੰਧੀ ਸਮੇਂ-ਸਮੇਂ ਤੇ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਕਿਸਾਨਾਂ ਦੇ ਖੇਤਾਂ ਵਿਚ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਨੇ ਸੋਇਆਬੀਨ ਦੇ ਪ੍ਰਦਰਸ਼ਨੀ ਪਲਾਟ ਵੀ ਲਗਾਏ ਗਏ ਹਨ, ਜਿਨ੍ਹਾਂ ਦਾ ਵੇਰਵਾ ਸਾਰਣੀ ਨੰਬਰ 1 ਵਿਚ ਦਰਸਾਇਆ ਗਿਆ ਹੈ।

| ਸਾਲ | ਰਕਬਾ (ਏਕੜ) | ਪਿੰਡ |
|---|---|---|
| 2017 | 13 | ਰਾਮਪੁਰ, ਮੁੱਘੂਵਾਲ, ਆਲਮਵਾਲ, ਚੱਕ ਨਰਿਅਲ, ਝੰਜੋਵਾਲ, ਹਰੀਪੁਰ, ਹੱਲੂਵਾਲ, ਟੋਹਲੀਆਂ, ਬਛੋਹੀ, ਖੜ੍ਹਕਾਂ ਅਤੇ ਮਹਿਲਾਂਵਾਲੀ |
| 2018 | 3 | ਰਾਮਪੁਰ, ਮੇਘੋਵਾਲ ਅਤੇ ਚੱਕ ਨਰਿਅਲ |
| 2019 | 6 | ਹੱਲੂਵਾਲ, ਜੰਡਿਆਲਾ, ਰਾਮਪੁਰ ਸੈਣੀਆਂ, ਬਛੋਹੀ, ਚੱਗਰਾਂ ਅਤੇ ਆਲਮਵਾਲ |
| 2020 | 2 | ਹੱਲੂਵਾਲ ਅਤੇ ਜੰਡਿਆਲਾ |
| 2021 | 22 | ਚੋਟਾਲਾ, ਜੰਡਿਆਲਾ, ਹੱਲੂਵਾਲ, ਆਲਮਵਾਲ, ਫਤਿਹਪੁਰ, ਘੁਮਿਆਲਾ, ਪੱਧੀ ਸੂਰਾ ਸਿੰਘ, ਕੇਦੋਵਾਲ, ਚੱਗਰਾਂ, ਝੱਜ, ਬਛੋਹੀ, ਰਾਮਪੁਰ ਸੈਣੀਆਂ |
| 2022 | 72 | ਜੰਡਿਆਲਾ, ਹੱਲੂਵਾਲ, ਆਲਮਵਾਲ, ਰਾਮਪੁਰ ਝੰਜੋਵਾਲ, ਲੱਲਵਾਨ, ਚੱਕ ਨਰਿਅਲ, ਮੇਘੋਵਾਲ, ਭਾਰਟਾ, ਖੜਮਾਂ ਮਨੋਲੀਆਂ, ਘੁਮਿਆਲਾ,ਰਾਮਪਰ ਸੈਣੀਆਂ, ਰਾਮਪੁਰ ਬਿਲੜੋਂ, ਕੈਦੋਵਾਲ, ਕਹਾਰਪੁਰ, ਮਾਹਿਲਪੁਰ, ਲਹਿਲੀ ਖੁਰਦ, ਸਾਂਰਗਵਾਲ |
| 2023 | 73 | ਜੰਡਿਆਲਾ, ਸਲੇਮਪੁਰ, ਖੰਨੀ, ਮੈਲੀ, ਹੱਲੂਵਾਲ, ਆਲਮਵਾਲ, ਰਾਮਪੁਰ ਝੰਜੋਵਾਲ, ਸਾਂਰਗਵਾਲ, ਢਾਡਾ ਕਲਾਂ, ਬਘੌਰਾ, ਖਾਨਪੁਰ, ਪੱਖੋਵਾਲ, ਮਨੋਲੀਆਂ, ਘੁਮਿਆਲਾ, ਬਛੋਹੀ, ਰਾਮਪੁਰ ਸੈਣੀਆਂ, ਨੰਗਲ ਖਿਲਾੜੀਆਂ, ਬਾੜੀਆਂ ਕਲਾਂ, ਲੰਗੇਰੀ, ਚਾਂਦਸੂ ਬ੍ਰਾਹਮਣਾਂ, ਸੁਣਾਂ, ਸੈਲਾ ਕਲਾਂ। |

ਸਾਰਣੀ 1 : ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸੋਇਆਬੀਨ ਦੀ ਫਸਲ ਦੀਆਂ ਪਹਿਲੀ ਕਤਾਰ ਦੀਆਂ ਪ੍ਰਦਰਸ਼ਨੀਆਂ ਦਾ ਵੇਰਵਾ

### ਕਿਸਾਨਾਂ ਦੇ ਸੋਇਆਬੀਨ ਦੀ ਫਸਲ ਸਬੰਧੀ ਨਿੱਜੀ ਤਜਰਬੇ :

1) ਸੋਇਆਬੀਨ ਦੀ ਫਸਲ ਲਈ ਸਿੰਚਾਈ ਵਾਲੇ ਪਾਣੀ ਘੱਟ ਲੋੜ ਹੈ।

2) ਸੋਇਆਬੀਨ ਦੀ ਫਸਲ ਨੂੰ ਜੰਗਲੀ ਜਾਨਵਰ ਨੁਕਸਾਨ ਨਹੀਂ ਕਰਦੇ ਹਨ।

3) ਸੋਇਆਬੀਨ ਦੀ ਫਸਲ ਦਾ ਮੰਡੀਕਰਣ ਵੀ ਆਸਾਨੀ ਨਾਲ ਹੋ ਜਾਂਦਾ ਹੈ।

4) ਹੁਸ਼ਿਆਰਪੁਰ ਇਲਾਕੇ ਦੇ ਜਲਵਾਯੂ ਅਤੇ ਜ਼ਮੀਨ ਅਨੁਸਾਰ ਸੋਇਆਬੀਨ ਦੀ ਫਸਲ ਢੁੱਕਵੀਂ ਫਸਲ ਹੈ।

5) ਸੋਇਆਬੀਨ ਦੀ ਫਸਲ ਦੀ ਕਾਸ਼ਤ ਨਾਲ ਜ਼ਮੀਨ ਦੀ ਸਿਹਤ ਵਿਚ ਸੁਧਾਰ ਹੁੰਦਾ ਹੈ।

ਜ਼ਿਲ੍ਹੇ ਹੁਸ਼ਿਆਰਪੁਰ ਦੇ ਕਿਸਾਨ, ਸੋਇਆਬੀਨ ਦੇ ਪ੍ਰਦਰਸ਼ਨੀ ਪਲਾਟ ਦੀ ਸਫਲ ਕਾਸ਼ਤ ਤੋਂ ਸੰਤੁਸ਼ਟ ਹੋ ਕੇ, ਇਸ ਫਸਲ ਨੂੰ ਅਪਨਾ ਰਹੇ ਹਨ। ਵੱਖ-ਵੱਖ ਪਿੰਡਾਂ ਦੇ ਕਿਸਾਨ ਸੋਇਆਬੀਨ ਦੀ ਫਸਲ ਨੂੰ ਸਫਲਤਾਪੂਰਵਕ ਅਪਣਾ ਕੇ ਵਧੀਆ ਆਮਦਨ ਕਮਾ ਰਹੇ ਹਨ।

# ਵਾਤਾਵਰਨ ਪ੍ਰੇਮੀ ਬਾਜਵਾ ਨੇ ਅੱਠਵੇਂ ਸਾਲ ਵੀ ਕੀਤੀ ਝੋਨੇ ਦੀ ਸਿੱਧੀ ਬਿਜਾਈ

ਬਲਾਕ ਕਲਾਨੌਰ ਅਧੀਨ ਆਉਂਦੇ ਪਿੰਡ ਸ਼ਾਹਪੁਰ ਅਮਰਗੜ ਦੇ ਵਾਤਾਵਰਨ ਪ੍ਰੇਮੀ ਤੇ ਐਕਸੀਐਨ ਮੰਡੀਕਰਨ ਬੋਰਡ ਬਲਦੇਵ ਸਿੰਘ ਬਾਜਵਾ ਨੇ ਜ਼ਮੀਨ ਹੇਠਲੇ ਪਾਣੀ ਨੂੰ ਬਚਾਉਣ ਲਈ ਅੱਠਵੇਂ ਸਾਲ ਵੀ ਸੱਤ ਏਕੜ ਜ਼ਮੀਨ 'ਚ ਝੋਨੇ ਦੀ ਸਿੱਧੀ ਬਿਜਾਈ ਕੀਤੀ ਹੈ। ਇਸ ਮੌਕੇ ਤੇ ਵਾਤਾਵਰਣ ਪ੍ਰੇਮੀ ਐਕਸੀਐਨ ਬਲਦੇਵ ਸਿੰਘ ਬਾਜਵਾ ਨੇ ਦੱਸਿਆ ਕਿ ਪਿਛਲੇ ਅੱਠ ਸਾਲ ਤੋਂ ਆਪਣੀ



ਸੱਤ ਕਿੱਲੇ ਜ਼ਮੀਨ ਵਿਚ ਮਿਸ਼ਨ ਅੱਗਮੁਕਤ, ਕੱਦੂਮੁਕਤ, ਜ਼ਹਿਰ ਮੁਕਤ ਝੋਨੇ ਦੀ ਬਿਜਾਈ ਕਰ ਰੇਹ ਹਨ। ਬਲਦੇਵ ਸਿੰਘ ਬਾਜਵਾ ਨੇ ਦੱਸਿਆ ਕਿ ਪਿਛਲੇ 19 ਸਾਲ ਤੋਂ ਉਨ੍ਹਾਂ ਨੇ ਆਪਣੇ ਖੇਤਾਂ 'ਚ ਕਣਕ ਦੇ ਨਾੜ ਦੀ ਰਹਿੰਦ ਖੂੰਹਦ ਅਤੇ ਪਰਾਲੀ ਨੂੰ ਅੱਗ ਨਹੀਂ ਲਗਾਈ। ਪਿਛਲੇ ਸਮਿਆਂ 'ਚ ਵੀ ਝੋਨੇ ਦੀ ਸਿੱਧੀ ਬਿਜਾਈ ਦੌਰਾਨ ਉਨ੍ਹਾਂ ਦੀ ਫਸਲ ਦਾ ਝਾੜ ਕੱਦੂ ਵਿਧੀ ਨਾਲ ਬਿਜਾਈ ਕੀਤੇ ਗਏ ਝੋਨੇ ਦੇ ਬਰਾਬਰ ਨਿਕਲਿਆ ਸੀ। ਬਲਦੇਵ ਸਿੰਘ ਬਾਜਵਾ ਨੇ ਕਿਹਾ ਕਿ ਸਾਨੂੰ ਵੱਧ ਝਾੜ ਲੈਣ ਦੀ ਦੌੜ 'ਚ ਪਾਣੀ ਦੇ ਸੋਮੇ ਅਤੇ ਵਾਤਾਵਰਣ ਨੂੰ ਗੰਦਲਾ ਨਹੀਂ ਕਰਨਾ ਚਾਹੀਦਾ। ਵਾਤਾਵਰਣ ਦੀ ਸ਼ੁੱਧਤਾ ਲਈ ਝੋਨੇ ਸਿੱਧੀ ਬਿਜਾਈ ਅਤੇ ਖੇਤਾਂ ਦੀ ਰਹਿੰਦ ਖੂੰਹਦ ਨੂੰ ਅੱਗ ਨਾ ਲਾਉਣ ਤੋਂ ਇਲਾਵਾ ਉਨ੍ਹਾਂ ਨੇ ਆਪਣੀ ਦੋ ਕਨਾਲ ਜ਼ਮੀਨ 'ਚ ਕਾਰ ਸੇਵਾ ਖਡੂਰ ਸਾਹਿਬ ਦੇ ਸਹਿਯੋਗ ਨਾਲ ਗੁਰੂ ਨਾਨਕ ਜੰਗਲ ਵੀ ਲਗਾਇਆ ਹੈ। ਬਾਜਵਾ ਨੇ ਕਿਹਾ ਕਿ ਸੇਵਾ ਮੁਕਤੀ ਤੋਂ ਬਾਅਦ ਉਹ 6 ਕਿੱਲੇ 'ਚ ਬਾਗਬਾਨੀ ਨੂੰ ਤਰਜੀਹ ਦੇਣਗੇ।

# ਅਗਾਂਹਵਧੂ ਕਿਸਾਨ ਬਣਿਆ ਮਿਸਾਲ

ਅੱਜ ਜਦੋਂ ਪਾਰਾ ਜਿਵੇਂ-ਜਿਵੇਂ ਆਪਣੇ ਸਿਖਰਾਂ ਨੂੰ ਛੂਹ ਰਿਹਾ ਹੈ ਅਤੇ ਗਰਮੀ ਰਿਕਾਰਡ ਤੋੜ ਰਹੀ ਤਾਂ ਦਰੱਖਤਾਂ ਦੀ ਮਹੱਤਤਾ ਹੋਰ ਵੀ ਜ਼ਿਆਦਾ ਵਧ ਗਈ ਹੈ। ਤਪਸ਼ ਨੂੰ ਘੱਟ ਕਰਨ ਅਤੇ ਵਾਤਾਵਰਣ ਨੂੰ ਬਚਾਉਣ ਲਈ ਅੱਜ ਵੱਡੇ ਪੱਧਰ 'ਤੇ ਦਰੱਖਤ ਲਾਉਣ ਦੀ ਲੋੜ ਹੈ। ਇਸੇ ਤਹਿਤ ਬਹਾਦਰਗੜ੍ਹ ਨੇੜਲੇ ਪਿੰਡ ਮਹਿਮਦਪੁਰ ਜੱਟਾਂ ਦੇ ਕਿਸਾਨ ਸਤਪਾਲ ਸਿੰਘ ਨੇ ਅਜਿਹੀ ਮਿਸਾਲ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਜਿਸ ਤੋਂ ਹੋਰ ਕਿਸਾਨ ਵੀ ਪ੍ਰੇਰਤ ਹੋ ਕੇ ਵਾਤਾਵਰਣ ਸੰਭਾਲ 'ਚ ਆਪਣਾ ਵੱਡਾ ਯੋਗਦਾਨ ਪਾ ਸਕਦੇ ਹਨ।

ਇਸ ਮੌਕੇ ਕਿਸਾਨ ਸਤਪਾਲ ਸਿੰਘ ਨੇ ਦੱਸਿਆ ਕਿ ਪਿੰਡਾਂ 'ਚ ਦੇਖਿਆ ਜਾਂਦਾ ਹੈ। ਕਿ ਕਿਸਾਨ ਸੜਕ ਤੱਕ ਪਟੜੀ ਨੂੰ ਵੱਢ ਕੇ ਆਪਣੇ ਖੇਤ 'ਚ ਮਿਲਾਅ ਲੈਂਦੇ ਹਨ। ਜਿਸ ਨਾਲ ਰਾਹਗੀਰਾਂ ਨੂੰ ਤਾਂ ਪ੍ਰੇਸ਼ਾਨੀ ਹੁੰਦੀ ਹੀ ਹੈ ਸਗੋਂ ਹਾਦਸੇ ਦਾ ਵੀ ਡਰ ਬਣਿਆ ਰਹਿੰਦਾ ਹੈ। ਅਸੀਂ ਦੇਖਿਆ ਕਿ ਸਾਡੇ ਖੇਤਾਂ ਨਾਲ ਪੱਟੜੀ ਦੀ ਮਿੱਟੀ ਖੁਰਨ ਕਾਰਨ ਪੱਟੜੀ ਬਹੁਤ ਛੋਟੀ ਰਹਿ ਗਈ ਸੀ। ਅਸੀਂ ਮਸ਼ੀਨ ਲਿਆ ਕੇ ਪਹਿਲਾਂ ਤਾਂ ਪੱਟੜੀ 'ਤੇ ਮਿੱਟੀ ਪਾ ਕੇ ਪੱਟੜੀ ਚੌੜੀ ਕੀਤੀ ਹੈ। ਇਸ ਤੋਂ ਬਾਅਦ ਬਹਾਦਰਗੜ੍ਹ ਸਟੇਡੀਅਮ 'ਚ ਫੁੱਟਬਾਲ ਕੋਚ ਇੰਦਰਜੀਤ ਸਿੰਘ ਨੇ ਸਾਨੂੰ 10 ਛਾਂਦਾਰ ਬੂਟੇ ਦਿੱਤੇ ਜੋ ਕਿ ਮੈਂ ਅਤੇ ਮੇਰੇ ਪਿਤਾ ਜੀ ਮੁਖਤਿਆਰ ਸਿੰਘ ਨੇ ਲਿਆ ਕੇ ਖੇਤਾਂ ਨਾਲ ਲਗਾ ਦਿੱਤੇ ਹਨ। ਇਸ ਨਾਲ ਇੱਕ ਤਾਂ ਰਾਹਗੀਰਾਂ ਨੂੰ ਛਾਂ ਮਿਲੇਗੀ ਤੇ ਦੂਜਾ ਪੱਟੜੀ ਵੀ ਖੁਰਨ ਤੋਂ ਬਚ ਜਾਵੇਗੀ। ਉਨ੍ਹਾਂ ਨੇ ਹੋਰਨਾਂ ਕਿਸਾਨਾਂ ਨੂੰ ਵੀ ਵੱਧ ਤੋਂ ਵੱਧ ਲਗਾਉਣ ਦਾ ਸੁਨੇਹਾ ਦਿੱਤਾ ਤਾਂ ਕਿ ਵੱਧਦੀ ਗਰਮੀ ਨੂੰ ਠੱਲ੍ਹ ਪਾ ਕੇ ਵਾਤਾਵਰਣ ਦੀ ਸੰਭਾਲ ਕੀਤੀ ਜਾ ਸਕੇ।



**ਕੰਢੀ ਖੇਤਰ ਦੀ ਜ਼ਿਆਦਾਤਰ ਖੇਤੀ ਮੀਂਹ ਤੇ ਅਧਾਰਿਤ ਹੈ ਅਤੇ ਇੱਥੇ ਸਿੰਚਾਈ ਤੇ ਸਾਧਨਾਂ ਦੀ ਘਾਟ ਹੈ। ਕੰਢੀ ਇਲਾਕੇ ਦੀਆਂ ਜ਼ਮੀਨਾਂ ਜ਼ਿਆਦਾਤਰ ਰੇਤਲੀਆਂ ਹਨ ਅਤੇ ਇਹਨਾਂ ਦੀ ਪਾਣੀ ਸੰਭਾਲਣ ਦੀ ਸਮਰੱਥਾ ਬਹੁਤ ਘੱਟ ਹੈ। ਇਸ ਲਈ ਕੰਢੀ ਖੇਤਰ ਦੇ ਹਾਲਾਤਾਂ ਨੂੰ ਚੰਗੀ ਤਰ੍ਹਾਂ ਸਮਝਣ ਅਤੇ ਚੰਗੀ ਵਿਉਂਤਬੰਦੀ ਨਾਲ ਖੇਤੀ ਕਰਨ ਦੀ ਜ਼ਰੂਰਤ ਹੈ।**





# ਕੰਢੀ ਖੇਤਰ ਵਿਚ ਸਾਉਣੀ ਦੀਆਂ ਫਸਲਾਂ ਦੀ ਕਾਸ਼ਤ

ਬਲਵਿੰਦਰ ਸਿੰਘ ਢਿੱਲੋਂ, ਮਨਮੋਹਨਜੀਤ ਸਿੰਘ ਅਤੇ ਗੁਰਵਿੰਦਰ ਸਿੰਘ, ਖੇਤਰੀ ਖੋਜ ਕੇਂਦਰ, ਬੱਲੋਵਾਲ ਸੌਂਖੜੀ
(94654-20097)

**ਜ਼ਮੀਨ ਪੱਧਰੀ ਕਰਨਾ** : ਕਿਸਾਨ ਵੀਰ ਆਪਣੇ ਖੇਤ ਪੱਧਰੇ ਕਰ ਲੈਣ ਇਸ ਨਾਲ ਭੌਂ-ਖੋਰ ਘੱਟਦਾ ਹੈ ਅਤੇ ਖੇਤ ਦੀ ਪਾਣੀ ਦੇ ਜ਼ੀਰਨ ਦੀ ਮਾਤਰਾ ਵੱਧ ਜਾਂਦੀ ਹੈ। ਅਜਿਹਾ ਕਰਨ ਨਾਲ ਮੱਕੀ ਦੀ ਫਸਲ ਦਾ ਜੰਮ ਵਧੀਆ ਹੋਵੇਗਾ। ਪੱਧਰੀ ਜ਼ਮੀਨ ਵਿਚ ਬੀਜ, ਖਾਦ ਅਤੇ ਪਾਣੀ ਇਕ ਸਾਰ ਰਹੇਗਾ ਅਤੇ ਕਿਸਾਨ ਦਾ ਖਰਚਾ ਵੀ ਘੱਟ ਹੋਵੇਗਾ।

**ਵੱਟਾਂ ਮਜ਼ਬੂਤ ਕਰਨੀਆਂ** : ਮੌਨਸੂਨ ਵਰਖਾ ਸ਼ੁਰੂ ਹੋਣ ਤੋਂ ਪਹਿਲਾਂ ਕਿਸਾਨ ਵੀਰ ਆਪਣੇ ਖੇਤਾਂ ਦੀਆਂ ਚਾਰ ਚੁਫੇਰੇ ਵਾਲੀਆਂ ਵੱਟਾਂ ਉੱਚੀਆਂ ਕਰ ਲੈਣ। ਅਜਿਹਾ ਕਰਨ ਨਾਲ ਮਿੱਟੀ ਦੀ ਉੱਪਰਲੀ ਸਤਿਹ ਤੋਂ ਪਾਣੀ ਦਾ ਵਹਾਅ ਘੱਟ ਜਾਂਦਾ ਹੈ ਅਤੇ ਪਾਣੀ ਨੂੰ ਖੇਤ ਵਿਚ ਜ਼ੀਰਨ ਲਈ ਵੱਧ ਸਮਾਂ ਮਿਲ ਜਾਂਦਾ ਹੈ ਜਿਸ ਨਾਲ ਖੇਤ ਵਿਚੋਂ ਪਾਣੀ ਅਤੇ ਮਿੱਟੀ ਦਾ ਰੋੜ ਘੱਟਦਾ ਹੈ।

**ਖੇਤ ਦੀ ਵਹਾਈ** : ਬਰਸਾਤ ਆਉਣ ਤੋ ਪਹਿਲਾਂ ਘੱਟ ਪਾਣੀ ਵਾਲੇ ਅਤੇ ਬਰਾਨੀ ਖੇਤਰਾਂ ਦੀ ਵਹਾਈ ਕਰਨਾ ਬਹੁਤ ਮਹੱਤਵਪੂਰਨ ਹੈ। ਇਸ ਨਾਲ ਖੇਤ ਦੀ ਪਰਤ ਖੁਰਦਰੀ ਹੋ ਕੇ ਖੁੱਲ੍ਹ ਜਾਂਦੀ ਹੈ ਅਤੇ ਮਿੱਟੀ ਵਿਚ ਵਰਖਾ ਦੇ ਪਾਣੀ ਦਾ ਰਿਸਾਅ ਵਧਦਾ ਹੈ, ਪਾਣੀ ਨੂੰ ਮਿੱਟੀ ਵਿਚ ਜ਼ੀਰਨ ਲਈ ਵੱਧ ਸਮਾਂ ਮਿਲਦਾ ਹੈ ਅਤੇ ਮਿੱਟੀ ਦਾ ਰੋੜ੍ਹ ਵੀ ਘੱਟਦਾ ਹੈ।

**ਫਸਲਾਂ ਦੀ ਚੋਣ** : ਸਮੇਂ-ਸਿਰ ਬਰਸਾਤ ਆਉਣ ਤੇ ਕੰਢੀ ਖੇਤਰ ਵਿਚ ਚੰਗੀਆਂ ਜ਼ਮੀਨਾਂ ਤੇ ਮੱਕੀ ਦੀ ਖੇਤੀ ਨੂੰ ਤਰਜੀਹ ਦਿੱਤੀ ਜਾਂਦੀ ਹੈ। ਜੇਕਰ ਬਰਸਾਤ 15 ਜੁਲਾਈ ਤੋਂ ਬਾਅਦ ਹੋਵੇ ਤਾਂ ਮਾਂਹ, ਮੂੰਗੀ ਅਤੇ ਤਿਲਾਂ ਦੀ ਖੇਤੀ ਨੂੰ ਪਹਿਲ ਦੇਣੀ ਚਾਹੀਦੀ ਹੈ। ਹਲਕੀਆਂ ਜ਼ਮੀਨਾਂ ਵਿਚ ਸਮੇਂ ਸਿਰ ਬਿਜਾਈ ਲਈ ਮਾਂਹ, ਸੋਇਆਬੀਨ, ਬਾਜਰਾ (ਦਾਣਿਆਂ ਅਤੇ ਚਾਰੇ ਲਈ), ਤਿਲ ਅਤੇ ਮੂੰਗੀ ਦੀ ਫਸਲ ਨੂੰ ਬੀਜਣਾ ਚਾਹੀਦਾ ਹੈ। ਪਿਛੇਤੀ ਬਿਜਾਈ ਲਈ ਬਾਜਰਾ, ਚਾਰੇ ਲਈ ਮੱਕੀ, ਮੂੰਗੀ ਅਤੇ ਤਿਲ ਢੁਕਵੀਆਂ ਫਸਲਾਂ ਹਨ।

**ਫਸਲਾਂ ਦੀਆਂ ਕਿਸਮਾਂ** : ਬਰਾਨੀ ਖੇਤੀ ਲਈ ਮੱਕੀ ਦੀ ਪੀ ਐਮ ਐਚ-2, ਪ੍ਰਕਾਸ਼, ਜੇ ਸੀ-12 ਅਤੇ ਜੇ ਸੀ-4, ਮੂੰਗੀ ਦੀ ਐਮ ਐਲ-2056 ਅਤੇ ਐਮ ਐਲ-1808 ਮਾਂਹ ਦੀਆਂ ਮਾਂਹ 883 ਅਤੇ ਮਾਂਹ 114, ਸੋਇਆਬੀਨ ਦੀ ਐਸ ਐਲ 958 ਅਤੇ ਐਸ ਐਲ 744, ਤਿਲ ਦੀਆਂ ਪੰਜਾਬ ਤਿਲ ਨੰ. 2 ਅਤੇ ਆਰ ਟੀ-346 ਅਤੇ ਬਾਜਰੇ ਦੀਆਂ ਪੀ ਸੀ ਬੀ-167, ਪੀ ਸੀ ਬੀ-166 ਅਤੇ ਪੀ ਸੀ ਬੀ-165 ਕਿਸਮਾਂ ਦੀ ਕਾਸ਼ਤ ਕੀਤੀ ਜਾ ਸਕਦੀ ਹੈ।

**ਬਿਜਾਈ ਦਾ ਸਮਾਂ ਅਤੇ ਬੀਜ ਦੀ ਮਾਤਰਾ** : ਮੱਕੀ ਦੀ ਬਿਜਾਈ 20 ਜੂਨ ਤੋਂ 7 ਜੁਲਾਈ ਤੱਕ, ਮੂੰਗੀ ਦੀ ਜੁਲਾਈ ਦੇ ਦੂਜੇ ਪੰਦਰਵਾੜੇ, ਮਾਂਹ ਦੀ ਬਿਜਾਈ ਮੌਨਸੂਨ ਸ਼ੁਰੂ ਹੋਣ ਤੇ ਸੋਇਆਬੀਨ ਦੀ ਜੂਨ ਦੇ ਪਹਿਲੇ ਪੰਦਰਵਾੜੇ, ਤਿਲ ਦੀ ਮੌਨਸੂਨ ਸ਼ੁਰੂ ਹੋਣ ਤੇ ਜੁਲਾਈ ਦੇ ਪਹਿਲੇ ਪੰਦਰਵਾੜੇ ਅਤੇ ਬਾਜਰੇ ਦੀ ਬਾਜਰੇ ਦੀ ਜੁਲਾਈ ਦੇ ਸ਼ੁਰੂ ਵਿਚ ਬਿਜਾਈ ਕਰ ਦੇਣੀ ਚਾਹੀਦੀ ਹੈ। ਮੱਕੀ ਦਾ 10 ਕਿਲੋ, ਮੂੰਗੀ ਦਾ 8 ਕਿਲੋ, ਮਾਂਹ ਦਾ 1.5 ਕਿਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋ।

**ਬੀਜ ਨੂੰ ਜੀਵਾਣੂੰ ਖਾਦ ਦਾ ਟੀਕਾ ਲਾਉਣਾ** : ਮੱਕੀ ਦੇ ਬੀਜ ਨੂੰ ਅੱਧਾ ਕਿਲੋ ਕਨਸ਼ੋਰਸ਼ੀਅਮ ਜੀਵਾਣੂੰ ਖਾਦ ਦੇ ਨਾਲ ਜਦਕਿ ਮੂੰਗੀ ਅਤੇ ਮਾਂਹ ਦੇ ਬੀਜ ਨੂੰ ਰਾਈਜ਼ੋਬੀਅਮ, ਸੋਇਆਬੀਨ ਦੇ ਬੀਜ ਨੂੰ ਬਰੈਡੀਰਾਈਜ਼ੋਬੀਅਮ ਕਲਚਰ (ਪੈਕਟ) ਨਾਲ ਇਕ ਲਿਟਰ ਪਾਣੀ ਵਿਚ ਮਿਲਾ ਕੇ ਚੰਗੀ ਤਰ੍ਹਾਂ ਲਗਾਉਣ ਤੋਂ ਬਾਅਦ ਛਾਵੇਂ ਪੱਕੇ ਫਰਸ਼ ਤੇ ਖਿਲਾਰ ਕੇ ਸੁਕਾ ਲਉ ਅਤੇ ਛੇਤੀ ਬੀਜ ਦਿਉ।

**ਖਾਦਾਂ ਦਾ ਪ੍ਰਬੰਧ** : ਮੱਕੀ-ਕਣਕ ਫਸਲ ਪ੍ਰਣਾਲੀ ਲਈ 6 ਟਨ ਪ੍ਰਤੀ ਏਕੜ ਰੂੜੀ ਦੀ ਖਾਦ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਨਾਈਟ੍ਰੋਜਨ 32 ਕਿਲੋਗ੍ਰਾਮ ਅਤੇ ਫਾਸਫੋਰਸ 16 ਕਿਲੋਗ੍ਰਾਮ ਪ੍ਰਤੀ ਏਕੜ ਪਾਉਣੀ ਚਾਹੀਦੀ ਹੈ। ਮਿੱਟੀ ਪਰਖ ਤੋਂ ਉਪਰੰਤ 8 ਕਿਲੋਗ੍ਰਾਮ ਪ੍ਰਤੀ ਏਕੜ ਪੋਟਾਸ਼ ਵਰਤਿਆ ਜਾ ਸਕਦਾ ਹੈ। ਘੱਟ ਪਾਣੀ ਸੰਭਾਲਣ ਦੀ ਸਮਰੱਥਾ ਵਾਲੀਆਂ ਜ਼ਮੀਨਾਂ ਵਿਚ ਨਾਈਟ੍ਰੋਜਨ 16 ਕਿਲੋਗ੍ਰਾਮ ਅਤੇ ਫਾਸਫੋਰਸ 8 ਕਿਲੋਗ੍ਰਾਮ ਪ੍ਰਤੀ ਏਕੜ ਪਾਉਣੀ ਚਾਹੀਦੀ ਹੈ। ਮਿੱਟੀ ਪਰਖ ਤੋਂ ਉਪਰੰਤ 8 ਕਿਲੋਗ੍ਰਾਮ ਪ੍ਰਤੀ ਏਕੜ ਪੋਟਾਸ਼ ਵਰਤਿਆ ਜਾ ਸਕਦਾ ਹੈ। ਸੋਇਆਬੀਨ ਵਿਚ ਬਿਜਾਈ ਸਮੇਂ 12.5 ਕਿਲੋ ਨਾਈਟ੍ਰੋਜਨ ਅਤੇ 32 ਕਿਲੋ ਫਾਸਫੋਰਸ ਤੱਤ ਪ੍ਰਤੀ ਏਕੜ ਪਾਓ। ਪਰ ਜੇਕਰ ਕਣਕ ਨੂੰ ਫਾਸਫੋਰਸ ਤੱਤ ਦੀ ਸਿਫਾਰਸ਼ ਕੀਤੀ ਮਾਤਰਾ ਪਾਈ ਹੋਵੇ ਤਾਂ ਕਣਕ ਪਿੱਛੋਂ ਸੋਇਆਬੀਨ ਨੂੰ 24 ਕਿਲੋ ਫਾਸਫੋਰਸ ਤੱਤ ਪ੍ਰਤੀ ਏਕੜ ਹੀ ਪਾਓ। ਬਾਜਰੇ ਲਈ ਨਾਈਟ੍ਰੋਜਨ 25 ਕਿਲੋਗ੍ਰਾਮ ਅਤੇ ਫਾਸਫੋਰਸ 12 ਕਿਲੋਗ੍ਰਾਮ ਪ੍ਰਤੀ ਏਕੜ ਪਾਉਣੀ ਚਾਹੀਦੀ ਹੈ।

**ਅੰਤਰ ਫਸਲੀ ਪ੍ਰਣਾਲੀ** : ਮੱਕੀ ਦੀਆਂ 2 ਲਾਈਨਾਂ ਵਿਚ ਮੂੰਗੀ ਜਾਂ ਮਾਂਹ ਦੀ ਕਾਸ਼ਤ ਕਰਨ ਨਾਲ ਮੱਕੀ ਦੇ ਝਾੜ ਵਿਚ ਇਕੱਲੀ ਮੱਕੀ ਦੇ ਝਾੜ ਨਾਲੋਂ ਇਜਾਫਾ ਹੁੰਦਾ ਹੈ ਅਤੇ ਮਿੱਟੀ ਦੀ ਉਪਜਾਊ ਸ਼ਕਤੀ ਵੀ ਵੱਧਦੀ ਹੈ। ਸੋਇਆਬੀਨ ਦੀ ਮੱਕੀ ਵਿਚ ਕਾਸ਼ਤ ਕੀਤੀ ਜਾ ਸਕਦੀ ਹੈ। ਮੱਕੀ ਦੀਆਂ ਦੋ ਲਾਈਨਾਂ ਵਿਚਕਾਰ ਸੋਇਆਬੀਨ ਦੀ ਇਕ ਲਾਈਨ ਬੀਜੋ।

**ਮਲਚਿੰਗ** : ਮੱਕੀ ਦੀ ਖੜ੍ਹੀ ਫਸਲ ਵਿਚ ਬਸੂਟੀ, ਭੰਗ, ਕਾਨਾ, ਰਾਇਆ, ਨੜਾਂ ਦੀ ਵਰਤੋਂ ਮਲਚਿੰਗ ਲਈ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਮੱਕੀ ਦੀਆਂ ਕਤਾਰਾਂ ਵਿਚਕਾਰ ਲੋਬੀਆ ਜਾਂ ਰਵਾਂਹ ਦੀ ਫਸਲ ਬੀਜੀ ਜਾ ਸਕਦੀ ਹੈ। ਜਿਸਨੂੰ ਇਕ ਮਹੀਨੇ ਬਾਅਦ ਕੱਟ ਕੇ ਮੱਕੀ ਦੀਆਂ ਕਤਾਰਾਂ ਵਿਚ ਮਲਚ ਵਜੋਂ ਵਿਛਾਇਆ ਜਾ ਸਕਦਾ ਹੈ। ਮਲਚਿੰਗ ਨਾਲ ਜਿੱਥੇ ਕੁੱਝ ਸਮੱਸਿਆਵਾਂ ਜਿਵੇਂ ਕਿ ਖੇਤੀ ਕਾਰਜਾਂ ਸਮੇਂ ਕੁਝ ਸੰਦਾਂ ਦੀ ਵਰਤੋਂ ਸਮੇਂ ਮੁਸ਼ਕਿਲ ਆਉਣਾ, ਸਿਉਂਕ ਦੇ ਹਮਲੇ ਆਦਿ ਦਾ ਵੀ ਸਾਹਮਣਾ ਕਰਨਾ ਪੈਂਦਾ ਪਰ ਇਸਦੇ ਫਾਇਦੇ ਇਸ ਤੋਂ ਕਿਤੇ ਵੱਧ ਹਨ।

ਬਰਾਨੀ ਹਾਲਾਤਾਂ ਵਿਚ ਸਾਉਣੀ ਦੀਆਂ ਫਸਲਾਂ ਦੀ ਕਾਸ਼ਤ ਸਮੇਂ ਵਰਖਾ ਦੇ ਘੱਟ ਜਾਂ ਸਮੇਂ ਸਿਰ ਨਾ ਹੋਣ ਤੇ ਫਸਲਾਂ ਉੱਪਰ ਬੁਰਾ ਅਸਰ ਪੈਂਦਾ ਹੈ ਜਿਸ ਨੂੰ ਘੱਟ ਕਰਨ ਲਈ 1% ਪੋਟਾਸ਼ੀਅਮ ਨਾਈਟ੍ਰੇਟ ਦੀ ਸਪਰੇਅ ਕਰਨੀ ਚਾਹੀਦੀ ਹੈ। ਇਸ ਤੋਂ ਇਲਾਵਾ ਨਦੀਨਾਂ ਦੀ ਸਮੇਂ ਸਿਰ ਰੋਕਥਾਮ ਵੀ ਚੰਗੇ ਝਾੜ ਲਈ ਸਹਾਈ ਹੁੰਦੀ ਹੈ।



# ਗਰਮੀਆਂ ਦੌਰਾਨ ਮੁਰਗੀ ਫਾਰਮ ਦਾ ਸੁਚੱਜਾ ਪ੍ਰਬੰਧ



ਵਧਦਾ ਤਾਪਮਾਨ ਅਤੇ ਤੇਜ਼ ਗਰਮੀ ਮੁਰਗੀਆਂ ਨੂੰ ਵੀ ਪ੍ਰਭਾਵਿਤ ਕਰਦੀ ਹੈ । ਇਸ ਲਈ ਗਰਮੀ ਦੇ ਮਹੀਨਿਆਂ ਲਈ ਬਹੁਤ ਸਾਰੀਆਂ ਸਾਵਧਾਨੀਆਂ ਹਨ ਜੋ ਸ਼ੁਰੂਆਤ ਤੋਂ ਹੀ ਅਪਨਾਉਣੀਆਂ ਚਾਹੀਦੀਆਂ ਹਨ ।

★ ਮੁਰਗੀ ਫਾਰਮ ਤੇ ਪਾਣੀ ਦਾ ਇਕ ਭਰੋਸੇਮੰਦ, ਸਾਫ, ਠੰਡਾ ਸਰੋਤ ਉਪਲਬਧ ਹੋਵੇ ।

★ ਪੀਣ ਵਾਲੇ ਪਾਣੀ ਵਿਚ ਇਲੈਕਟਰੋਲਾਈਟਸ ਸ਼ਾਮਲ ਕੀਤੇ ਜਾਣੇ ਚਾਹੀਦੇ ਹਨ ਕਿਉਂਕਿ ਗਰਮੀਆਂ ਵਿਚ ਸਰੀਰ ਵਿਚੋਂ ਨਿਕਲਦੇ ਵੀ ਜ਼ਿਆਦਾ ਹਨ ।

★ ਪੀਣ ਵਾਲੇ ਭਾਂਡਿਆਂ ਦੀ ਗਿਣਤੀ ਅਤੇ ਜਿਹੜੇ ਫਾਰਮਾਂ ਤੇ ਨਿੱਪਲਾਂ ਦੀ ਵਰਤੋਂ ਹੁੰਦੀ ਹੈ, ਉੱਥੇ ਨਿੱਪਲਾਂ ਦੀ ਵਾਰ-ਵਾਰ ਜਾਂਚ ਕਰਨਾ ਵੀ ਜ਼ਰੂਰੀ ਹੈ ।

★ ਪੀਣ ਵਾਲੇ ਪਾਣੀ ਵਿਚ ਐਸਕੋਰਬਿਕ ਐਸਿਡ, ਸੋਡੀਅਮ ਬਾਈਕਾਰਬੋਨੇਟ ਅਤੇ ਪੋਟਾਸ਼ੀਅਮ ਕਲੋਰਾਈਡ ਮਿਲਾਇਆ ਜਾ ਸਕਦਾ ਹੈ ।

★ ਫਾਰਮ ਵਿਚ ਅੰਡੇ ਇਕੱਠਾ ਕਰਨ ਦੀ ਬਾਰੰਬਾਰਤਾ ਵਧਾਈ ਜਾਣੀ ਚਾਹੀਦੀ ਹੈ ਅਤੇ ਗਰਮੀ ਦੇ ਮਹੀਨਿਆਂ ਵਿਚ ਅੰਡੇ ਸਟੋਰ ਕਰਨ ਲਈ ਕੋਲਡ ਰੂਮ ਉਪਲਬਧ ਹੋਣਾ ਚਾਹੀਦਾ ਹੈ ।

★ ਝੋਨੇ ਦੀ ਪਰਾਲੀ ਨਾਲ ਮੁਰਗੀ ਫਾਰਮ ਦੀ ਛੱਤ ਨੂੰ ਢੱਕਣ ਨਾਲ ਸ਼ੈੱਡ ਦਾ ਤਾਪਮਾਨ ਘਟਾਉਣ ਵਿਚ ਮਦਦ ਮਿਲ ਸਕਦੀ ਹੈ ।

★ ਸ਼ੈੱਡ ਤੇ ਛਾਂ ਪ੍ਰਦਾਨ ਕਰਨ ਲਈ ਸ਼ੈੱਡ ਨੇੜੇ ਰੁੱਖਾਂ ਨੂੰ ਤਰਜੀਹ ਦਿਓ ।

**ਮਧੂ ਸ਼ੈਲੀ, ਡਾਇਰੈਕਟੋਰੇਟ ਪਸਾਰ ਸਿੱਖਿਆ, ਮੋਬਾਇਲ : 96434-42427**

# ਕਿਤੇ ਰਸਮ ਬਣ ਕੇ ਹੀ ਨਾ ਰਹਿ ਜਾਵੇ ਪਾਣੀ ਦੇ ਸੰਕਟ ਸੰਬੰਧੀ ਚਿੰਤਾ

ਪਾਣੀ ਦੀ ਕਮੀ ਨਾਲ ਦੁਨੀਆ ਭਰ ਦੇ ਭਾਈਚਾਰਿਆਂ ਦੀ ਸਿਹਤ ਅਤੇ ਵਿਕਾਸ ਨੂੰ ਖਤਰਾ ਹੈ, ਸਾਨੂੰ ਇਸ ਗੱਲ ਨੂੰ ਗੰਭੀਰਤਾ ਨਾਲ ਸਮਝਣਾ ਹੋਵੇਗਾ - ਜੋ ਬਾਈਡਨ ਅਮਰੀਕੀ ਰਾਸ਼ਟਰਪਤੀ

ਅਮਰੀਕੀ ਰਾਸ਼ਟਰਪਤੀ ਦੀ ਇਹ ਚਿੰਤਾ ਜਾਇਜ਼ ਹੈ, ਪਰ ਸਵਾਲ ਹੈ ਕਿ, ਕੀ ਇਸ ਚਿੰਤਾ ਲਈ ਉਹ ਆਪਣੇ ਦੇਸ਼ ਨੂੰ ਵੀ ਜ਼ਿੰਮੇਵਾਰ ਠਹਿਰਾਉਣਗੇ ? ਅਤੇ ਕੀ ਉਹ ਪਾਣੀ ਸੰਬੰਧੀ ਵਰਤੀ ਜਾਣ ਵਾਲੀ ਕਿਫਾਇਤ ਦੇ ਦਾਇਰੇ 'ਚ ਆਪਣੇ ਦੇਸ਼ ਨੂੰ ਵੀ ਲਿਆਉਣਗੇ ? ਅਜਿਹਾ ਕਦੇ ਨਹੀਂ ਹੋਵੇਗਾ । ਜਦੋਂ ਕਿ ਹਕੀਕਤ ਇਹ ਹੈ ਕਿ ਦੁਨੀਆ ਦੇ ਮੌਜੂਦਾ ਜਲ ਸੰਕਟ 'ਚ ਸਭ ਤੋਂ ਵੱਡੀ ਭੂਮਿਕਾ ਦੁਨੀਆਂ ਦੇ ਵਿਕਸਿਤ ਅਤੇ ਅਮੀਰ ਦੇਸ਼ਾਂ ਦੀ ਹੈ, ਜਿਨ੍ਹਾਂ 'ਚ ਅਮਰੀਕਾ ਸਭ ਤੋਂ ਅੱਗੇ ਹੈ । ਇਸ ਨੂੰ ਇਕ ਉਦਾਹਰਨ ਨਾਲ ਸਮਝਦੇ ਹਾਂ । ਜਿੱਥੇ ਅਫਰੀਕਾ ਦੇ ਕਰੀਬ 27 ਦੇਸ਼ਾਂ 'ਚ ਉੱਥੇ ਦੇ ਲੋਕਾਂ ਨੂੰ ਔਸਤਨ ਪ੍ਰਤੀਦਿਨ 5 ਲੀਟਰ ਵੀ ਪੀਣ ਦਾ ਪਾਣੀ ਉਪਲਬਧ ਨਹੀਂ ਹੈ, ਉੱਥੇ ਔਸਤਨ ਅਮਰੀਕੀ ਨਾਗਰਿਕ ਪ੍ਰਤੀਦਿਨ 100 ਗੈਲਨ ਭਾਵ 350 ਲੀਟਰ ਪਾਣੀ ਦੀ ਵਰਤੋਂ ਕਰਦਾ ਹੈ । ਇਹ ਸਥਿਤੀ ਤਾਂ ਉਦੋਂ ਹੈ, ਜਦੋਂ ਪਿਛਲੇ ਇਕ ਦਹਾਕੇ 'ਚ ਅਮਰੀਕੀਆਂ ਦੇ ਪਾਣੀ ਦੀ ਵਰਤੋਂ 'ਚ ਕੁਝ ਕਮੀ ਆਈ ਹੈ ਨਹੀਂ ਤਾਂ 90 ਦੇ ਦਹਾਕੇ 'ਚ ਅਤੇ ਇਸ ਸਦੀ ਦੇ ਸ਼ੁਰੂਆਤੀ ਦਹਾਕਿਆਂ 'ਚ ਵੀ ਔਸਤਨ ਅਮਰੀਕੀ 400 ਲੀਟਰ ਪਾਣੀ ਪ੍ਰਤੀਦਿਨ ਇਸਤੇਮਾਲ ਕਰਦੇ ਸਨ । ਅੱਜ ਵੀ ਇਕ ਅਮਰੀਕੀ ਪਰਿਵਾਰ ਹਰ ਦਿਨ ਔਸਤਨ 552 ਗੈਲਨ ਪਾਣੀ ਦੀ ਵਰਤੋਂ ਕਰਦਾ ਹੈ, ਭਾਵ ਕਰੀਬ ਹਰ ਦਿਨ 1800 ਲੀਟਰ । ਕੀ ਪਾਣੀ ਦੀ ਏਨੀ ਗੈਰ -ਜ਼ਿੰਮੇਵਾਰੀ ਨਾਲ ਵਰਤੋਂ ਦੇ ਬਾਵਜੂਦ ਅਮਰੀਕੀ ਰਾਸ਼ਟਰਪਤੀ ਜਾਂ ਉੱਥੋਂ ਦੇ ਕਿਸੇ ਵੀ ਨੇਤਾ ਨੂੰ ਵਿਸ਼ਵ ਜਲ ਸੰਕਟ 'ਤੇ ਇਸ ਕਦਰ ਰਸਮੀ ਅੱਥਰੂ ਵਹਾਉਣ ਦੀ ਛੋਟ ਹੋਣੀ ਚਾਹੀਦੀ ਹੈ ?



ਪਰ ਅੱਜ ਦੀ ਦੁਨੀਆਂ ਦੀ ਹਕੀਕਤ ਇਹੀ ਹੈ । ਦਰਅਸਲ ਇਨਸਾਨ ਇੰਨਾ ਚਲਾਕ ਬਣ ਗਿਆ ਹੈ ਕਿ ਉਹ ਸਮੱਸਿਆਵਾਂ 'ਤੇ ਦਿਨ-ਰਾਤ ਲੰਬੇ-ਚੌੜੇ ਖਾਕੇ ਤਾਂ ਖਿੱਚਦਾ ਹੈ, ਪਰ ਇਨ੍ਹਾਂ ਪ੍ਰੇਸ਼ਾਨੀਆਂ ਨੂੰ ਖਤਮ ਕਰਨ ਲਈ ਆਪਣੀ ਨਿੱਜੀ ਭੂਮਿਕਾ ਜ਼ਰਾ ਵੀ ਅਦਾ ਨਹੀਂ ਕਰਦਾ । ਇਹ ਲਗਭਗ ਉਵੇਂ ਹੀ ਹੈ, ਜਿਵੇਂ ਕਿ ਹਰ ਹਿੰਦੁਸਤਾਨੀ ਇਹ ਤਾਂ ਚਾਹੁੰਦਾ ਹੈ ਕਿ ਭਗਤ ਸਿੰਘ ਵਰਗੇ ਕੁਰਬਾਨੀ ਦੀ ਭਾਵਨਾ ਨਾਲ ਭਰੇ ਦੇਸ਼ ਭਗਤ ਨੌਜਵਾਨ ਹੋਣ, ਪਰ ਅਸੀਂ ਇਹ ਨਹੀਂ ਚਾਹੁੰਦੇ ਕਿ ਭਗਤ ਸਿੰਘ ਸਾਡੇ ਘਰ 'ਚ ਪੈਦਾ ਹੋਵੇ । ਅਸੀਂ ਚਾਹੁੰਦੇ ਹਾਂ, ਭਗਤ ਸਿੰਘ ਪੈਦਾ ਤਾਂ ਹੋਵੇ, ਪਰ ਗੁਆਂਢ ਵਿਚ । ਦੁਨੀਆਂ ਦੀਆਂ ਜ਼ਿਆਦਾਤਰ ਆਲਮੀ ਸਮੱਸਿਆਵਾਂ ਅਤੇ ਉਨ੍ਹਾਂ ਲਈ ਖੂਬ ਹਾਏ ਤੌਬਾ ਮਚਾਈ ਜਾਣ ਦਾ ਪੂਰਾ ਦਾ ਪੂਰਾ ਰਵੱਈਆ ਕੁਝ ਇਸੇ ਤਰ੍ਹਾਂ ਦਾ ਹੈ । ਵਿਸ਼ਵ ਜਲ ਦਿਵਸ ਮੌਕੇ ਪੂਰੀ ਦੁਨੀਆਂ 'ਚ ਜਲ ਸੰਕਟ 'ਤੇ ਖੂਬ ਰਸਮੀ ਭਾਸ਼ਣ ਹੁੰਦੇ ਹਨ, ਚਿੰਤਾਵਾਂ ਜਤਾਈਆਂ ਜਾਂਦੀਆਂ ਹਨ ਅਤੇ ਸਾਵਧਾਨੀਆਂ ਸੁਝਾਈਆਂ ਜਾਂਦੀਆਂ ਹਨ, ਪਰ ਕੋਈ ਅਜਿਹਾ ਕਰਨ ਵਾਲੇ ਦੁਨੀਆ ਦੇ ਵੱਡੇ-ਵੱਡੇ ਨੇਤਾਵਾਂ ਤੋਂ ਪੁੱਛੇ ਕਿ ਉਹ ਇਹ ਸਭ ਉਪਦੇਸ਼ ਕਿਸ ਦੇ ਲਈ ਦੇ ਰਹੇ ਹਨ ? ਕੀ ਉਨ੍ਹਾਂ ਨੂੰ ਜਾਂ ਉਨ੍ਹਾਂ ਦੇ ਦੇਸ਼ ਨੂੰ ਇਨ੍ਹਾਂ ਸਾਰੀਆਂ ਗੱਲਾਂ 'ਤੇ ਖੁਦ ਅਮਲ ਨਹੀਂ ਕਰਨਾ ਚਾਹੀਦਾ ? ਅਪਣੇ ਇੱਥੇ ਤੁਲਸੀਦਾਸ ਸਦੀਆਂ ਪਹਿਲਾਂ ਲਿਖ ਗਏ ਸਨ, 'ਪਰ ਉਪਦੇਸ਼, ਕੁਸ਼ਲ ਬਹੁਤੇਰੇ ।' ਦੁਨੀਆ ਦੀ ਕਿਸੇ ਵੀ ਸਮੱਸਿਆ ਨੂੰ ਲੈ ਕੇ ਅੱਜ ਇਸੇ ਕਿਸਮ ਦੇ 'ਪਰ ਉਪਦੇਸ਼' ਖੂਬ ਦਿੱਤੇ ਜਾ ਰਹੇ ਹਨ, ਪਰ ਖੁਦ ਉਨ੍ਹਾਂ 'ਤੇ ਅਮਲ ਕਰਨਾ ਕਿਸੇ ਨੂੰ ਪਸੰਦ ਨਹੀਂ ਹੈ ।



ਜੇਕਰ ਜ਼ਰਾ ਵੀ ਚਿੰਤਾ ਹੁੰਦੀ ਤਾਂ ਅਮਰੀਕਾ ਅਤੇ ਅਫਰੀਕਾ 'ਚ ਪੀਣ ਦੇ ਪਾਣੀ ਨੂੰ ਲੈ ਕੇ ਇਸ ਤਰ੍ਹਾਂ ਦਾ ਵਿਕਰਾਲ ਭੇਦ ਨਾ ਹੁੰਦਾ ਕਿ ਇਕ ਅਫਰੀਕਾ ਪਰਿਵਾਰ ਨੂੰ ਤਾਂ ਇਕ ਦਿਨ 'ਚ 5 ਗੈਲਨ ਪਾਣੀ ਵੀ ਉਪਲਬਧ ਨਾ ਹੋਵੇ ਅਤੇ ਇਕ ਅਮਰੀਕੀ ਪਰਿਵਾਰ ਹਰ ਦਿਨ 552 ਗੈਲਨ ਪਾਣੀ ਦੀ ਵਰਤੋਂ ਕਰੇ ? ਦਰਅਸਲ ਦੁਨੀਆ ਦੇ ਇਕ ਨਹੀਂ ਜ਼ਿਆਦਾਤਰ ਸੰਕਟਾਂ ਦੀ ਇਹੀ ਕਹਾਣੀ ਹੈ । ਇਕ ਅਮਰੀਕੀ ਹਰ ਦਿਨ ਔਸਤਨ 8.2 ਮਿੰਟ ਨਹਾਉਂਦਾ ਹੈ ਅਤੇ ਲਗਭਗ 18 ਗੈਲਨ ਪਾਣੀ ਖਰਚ ਕਰਦਾ ਹੈ । 2005 'ਚ ਤਾਂ ਨਹਾਉਣ 'ਚ ਔਸਤਨ ਅਮਰੀਕੀ 22 ਗੈਲਨ ਪਾਣੀ ਖਰਚ ਕਰਦੇ ਸਨ, ਜਦੋਂ ਕਿ ਅਮਰੀਕੀਆਂ ਦੀ ਤੁਲਨਾ 'ਚ ਦੁਨੀਆਂ ਦੇ ਦੂਜੇ ਅਮੀਰ ਅਤੇ ਵਿਕਸਿਤ ਦੇਸ਼, ਜੋ ਇਹ ਮੰਨ ਕੇ ਚੱਲਦੇ ਹਨ ਕਿ ਧਰਤੀ ਦੇ ਜ਼ਿਆਦਾ ਸਰੋਤਾਂ ਦਾ ਮਨਮਰਜ਼ੀ ਦਾ ਨਾਲ ਇਸਤੇਮਾਲ ਕਰਨਾ ਉਨ੍ਹਾਂ ਦਾ ਜਮਾਂਦਰੂ ਹੱਕ ਹੈ, ਅਜਿਹੇ ਪੱਛਮੀ ਦੇਸ਼ ਵੀ ਅਮਰੀਕਾ ਦੀ ਮਨਮਰਜ਼ੀ ਦੇ ਸਾਹਮਣੇ ਸ਼ਰਮਾ ਜਾਂਦੇ ਹਨ, ਕਿਉਂਕਿ ਜਿੱਥੇ ਇਕ ਅਮਰੀਕੀ ਹਰ ਦਿਨ ਕਰੀਬ 100 ਗੈਲਨ ਪਾਣੀ ਦੀ ਵਰਤੋਂ ਕਰਦਾ ਹੈ, ਉੱਥੇ ਇਕ ਅੰਗਰੇਜ਼ ਵਿਚਾਰਾ ਹਰ ਦਿਨ ਮਹਿਜ਼ 150 ਲੀਟਰ ਪਾਣੀ ਨਾਲ ਹੀ ਸਬਰ ਕਰ ਲੈਂਦਾ ਹੈ ਅਤੇ ਇਕ ਜਰਮਨ ਹਰ ਦਿਨ 126 ਲੀਟਰ ਪਾਣੀ ਘੱਟ ਤੋਂ ਘੱਟ ਵਰਤਦਾ ਹੈ ।

ਜਦੋਂ ਕਿ ਇਨ੍ਹੀਂ ਦਿਨੀਂ ਭਾਰਤ ਦੇ ਮਹਾਂਨਗਰਾਂ 'ਚ ਹਰ ਵਿਅਕਤੀ ਲਈ ਔਸਤਨ ਪ੍ਰਤੀਦਿਨ ਮਹਿਜ਼ 10 ਲੀਟਰ ਪੀਣ ਦਾ ਪਾਣੀ ਉਪਲਬਧ ਹੈ ਅਤੇ ਬੰਗਲੁਰੂ ਅਤੇ ਚੇਨਈ ਵਰਗੇ ਜਲ ਸੰਕਟ ਨਾਲ ਘਿਰੇ ਮਹਾਨਗਰਾਂ 'ਚ ਤਾਂ ਹਰ ਦਿਨ ਔਸਤਨ 5 ਲੀਟਰ ਪੀਣ ਦਾ ਪਾਣੀ ਵੀ ਮੁਹੱਈਆ ਨਹੀਂ ਹੁੰਦਾ । ਪਿਛਲੇ ਮਹੀਨੇ ਬੰਗਲੁਰੂ ਦੇ ਪ੍ਰਸ਼ਾਸਨ ਨੇ ਛੋਟੇ ਬੱਚਿਆਂ ਦੀਆਂ ਹੀ ਨਹੀਂ, ਵੱਡੀਆਂ ਸਿੱਖਿਆ ਸੰਸਥਾਵਾਂ ਨੂੰ ਵੀ ਪਾਣੀ ਦੇ ਸੰਕਟ ਕਾਰਨ ਕੁਝ ਦਿਨਾਂ ਲਈ ਬੰਦ ਕਰ ਦਿੱਤਾ ਸੀ ਅਤੇ ਕਈ ਵੱਡੀਆਂ ਕੰਪਨੀਆਂ ਜਲ ਸੰਕਟ ਨਾਲ ਘਿਰੀਆਂ ਹੋਣ ਕਾਰਨ ਆਪਣੇ ਕਰਮਚਾਰੀਆਂ ਨੂੰ 'ਵਰਕ ਫਰਮ ਹੋਮ' (ਘਰ ਤੋਂ ਕੰਮ ਕਰਨ) ਕਰਨ ਲਈ ਕਹਿ ਰਹੀਆਂ ਸਨ । ਹਿੰਦੁਸਤਾਨ 'ਚ ਸਾਲ 1994 'ਚ ਜਿੱਥੇ ਪ੍ਰਤੀ ਵਿਅਕਤੀ 6000 ਘਣ ਮੀਟਰ ਸਾਲਾਨਾ ਪਾਣੀ ਦੀ ਉਪਲਬਧਤਾ ਸੀ, ਉੱਥੇ ਸਾਲ 2025 ਤੱਕ ਇਸ ਦੇ ਘੱਟ ਕੇ 1600 ਘਣ ਮੀਟਰ ਰਹਿ ਜਾਣ ਦੀ ਸੰਭਾਵਨਾ ਹੈ ਅਤੇ ਅਗਲੇ ਕੁਝ ਸਾਲਾਂ 'ਚ ਤਾਂ ਜਾਣ ਦੀ ਸੰਭਾਵਨਾ ਹੈ ਅਤੇ ਅਗਲੇ ਕੁਝ ਸਾਲਾਂ 'ਚ ਤਾਂ ਇਸ ਦੇ 400 ਘਣ ਮੀਟਰ ਤੋਂ ਵੀ ਘੱਟ ਰਹਿ ਜਾਣ ਦੀ ਗੱਲ ਕਹੀ ਜਾ ਰਹੀ ਹੈ ।

ਅਜਿਹੀ ਭੇਦਭਾਵ ਭਰੀ ਦੁਨੀਆਂ 'ਚ ਜਦੋਂ ਕਿਸੇ ਖਾਸ ਦਿਨ ਦੁਨੀਆਂ ਭਰ ਦੇ ਨੇਤਾ ਕਿਸੇ ਸੰਕਟ 'ਤੇ ਪਾਣੀ ਪੀ ਪੀ ਕੇ ਅੱਥਰੂ ਵਹਾਉਂਦੇ ਹੋਣ, ਤਾਂ ਇਸ ਸਭ 'ਤੇ ਤਰਸ ਹੀ ਆਉਂਦਾ ਹੈ । ਇਹ ਕਹਿਣ ਦੀ ਜ਼ਰੂਰਤ ਨਹੀਂ ਹੈ ਕਿ ਧਰਤੀ ਦੇ ਇਸ ਸਮੇਂ ਦੇ ਹੀ ਸੰਕਟ ਸਭ ਤੋਂ ਵਿਕਰਾਲ ਹਨ, ਇਕ ਗਲੋਬਲ ਵਾਰਮਿੰਗ (ਆਲਮੀ ਤਪਸ਼) ਦੀ ਸਮੱਸਿਆ ਅਤੇ ਦੂਜਾ ਦੁਨੀਆਂ 'ਚ ਲਗਾਤਾਰ ਘਣ ਹੋ ਰਹੇ ਪੀਣ ਦੇ ਪਾਣੀ ਦੀ ਸਮੱਸਿਆ । ਉਂਜ ਇਹ ਦੋਵੇਂ ਸਮੱਸਿਆਵਾਂ ਆਪਸ 'ਚ ਜੁੜੀਆਂ ਹੋਈਆਂ ਵੀ ਹਨ । ਸ਼ਾਇਦ ਇਹੀ ਕਾਰਨ ਹੈ ਕਿ ਸਾਲ 2024 ਦੇ ਵਿਸ਼ਵ ਜਲ ਦਿਵਸ ਦੀ ਥੀਮ 'ਲੇਵਰੇਜਿੰਗ ਵਾਟਰ ਫਾਰ ਪੀਸ' ਭਾਵ ਦੁਨੀਆਂ ਦੀ ਸ਼ਾਂਤੀ ਲਈ ਜਲ ਦਾ ਮਹੱਤਵ ਹੈ । ਇਸ ਥੀਮ ਨਾਲ ਸਾਫ ਹੈ ਕਿ ਜੇਕਰ ਦੁਨੀਆਂ 'ਚ ਸ਼ਾਂਤੀ ਵੀ ਨਹੀਂ ਆਏਗੀ । ਅੱਜ ਭਾਰਤ ਹੀ ਨਹੀਂ ਪੂਰੀ ਦੁਨੀਆਂ ਦੇ 70 ਫੀਸਦੀ ਲੋਕ ਪੀਣਯੋਗ ਪਾਣੀ ਦੇ ਸੰਕਟ ਨਾਲ ਘਿਰੇ ਹੋਏ ਹਨ; ਕਿਉਂਕਿ ਦੁਨੀਆਂ 'ਚ ਮੌਜੂਦ 97 ਫੀਸਦੀ ਪਾਣੀ ਪੀਣ ਲਾਇਕ ਨਹੀਂ ਹੈ, ਮਹਿਜ਼ 3 ਫੀਸਦੀ ਹੀ ਪਾਣੀ ਹੈ, ਜਿਸ ਨੂੰ ਪੀ ਕੇ ਪੂਰੀ ਦੁਨੀਆਂ ਨੇ ਜ਼ਿੰਦਾ ਰਹਿਣਾ ਹੈ ।

ਅਜਿਹੇ 'ਚ ਵੀ ਜੇਕਰ ਕੁਝ ਦੇਸ਼ ਮਨਮਾਨੀ ਕਰਨਗੇ ਅਤੇ ਇਸ ਤੋਂ ਬਾਅਦ ਪੂਰੀ ਦੁਨੀਆਂ ਨੂੰ ਜਲ ਦੀ ਵਰਤੋਂ 'ਤੇ ਕਿਫਾਇਤ ਵਰਤਣ ਲਈ ਉਪਦੇਸ਼ ਦੇਣਗੇ, ਤਾਂ ਜਿਸ ਨੂੰ ਹਕੀਕਤ ਪਤਾ ਹੈ, ਉਸ ਨੂੰ ਇਸ ਰਸਮੀ ਚਿੰਤਾ 'ਤੇ ਗੁੱਸਾ ਹੀ ਆਏਗਾ । ਧਰਤੀ 'ਚ ਮਹਿਜ 1121 ਬਿਲੀਅਨ ਕਿਊਬਿਕ ਮੀਟਰ ਪੀਣ ਲਾਇਕ ਪਾਣੀ ਹੈ । ਵਿਗਿਆਨੀਆਂ ਦਾ ਕਹਿਣਾ ਹੈ ਕਿ ਜੇਕਰ ਪਾਣੀ ਦੀ ਅੰਨ੍ਹੇਵਾਹ ਇਸੇ ਰਫਤਾਰ ਨਾਲ ਵਰਤੋਂ ਹੁੰਦੀ ਰਹੀ, ਜਿਵੇਂ ਮੌਜੂਦਾ ਸਮੇਂ 'ਚ ਹੋ ਰਹੀ ਹੈ ਤਾਂ ਅਗਲੇ 20 ਸਾਲ 'ਚ ਧਰਤੀ ਦਾ ਸਮੁੱਚਾ ਪੀਣ ਵਾਲਾ ਪਾਣੀ ਲਗਭਗ ਖਤਮ ਹੋ ਜਾਏਗਾ, ਸਵਾਲ ਹੈ, ਉਦੋਂ ਕੀ ਹੋਵੇਗਾ ? ਅਤੇ ਹਾਂ, ਇਹ ਨਾ ਸੋਚਿਓ ਕਿ ਸਮੱਸਿਆ 20 ਸਾਲ ਬਾਅਦ ਹੀ ਆਏਗੀ । ਸਮੱਸਿਆ ਤਾਂ ਅੱਜ ਵੀ ਘਣਘੋਰ ਹੈ । ਹਿੰਦੁਸਤਾਨ ਦੇ 30 ਤੋਂ ਵੱਧ ਸ਼ਹਿਰਾਂ 'ਚ ਸਾਰੇ ਵੱਡੇ ਅਤੇ ਜ਼ਿਆਦਾਤਰ ਦਰਮਿਆਨੇ ਸ਼ਹਿਰ ਸ਼ਾਮਿਲ ਹਨ ਜਿਨ੍ਹਾਂ ਵਿਚ ਪੀਣ ਦੇ ਪਾਣੀ ਦਾ ਸੰਕਟ ਸਾਫ ਤੌਰ 'ਤੇ ਦੇਖਿਆ ਜਾ ਰਿਹਾ ਹੈ ।

ਇਸ ਸੰਕਟ ਦੇ ਬਰਕਰਾਰ ਰਹਿੰਦਿਆਂ ਵੀ ਅੱਗੇ 20 ਸਾਲ ਦੀ ਮਿਆਦ ਤਾਂ ਕਿਆਮਤ ਦੀ ਮਿਆਦ ਹੈ, ਪਰ ਕਿਆਮਤ ਦੀ ਸ਼ੁਰੂਆਤ ਹੋ ਚੁੱਕੀ ਹੈ ਅਤੇ ਆਉਣ ਵਾਲੇ ਕੁਝ ਹੀ ਸਾਲਾਂ 'ਚ ਇਸ ਦੀ ਰਫਤਾਰ ਭਿਆਨਕ ਹੋ ਸਕਦੀ ਹੈ । ਇਸ ਲਈ ਪੀਣ ਦੇ ਪਾਣੀ ਨੂੰ ਲੈ ਕੇ ਨਾ ਸਿਰਫ ਪੂਰੀ ਦੁਨੀਆਂ ਦੇ ਲੋਕਾਂ ਨੂੰ ਇਕ ਹੀ ਪੱਧਰ 'ਤੇ ਜਾਗਰੂਕ ਹੋਣ ਦੀ ਜ਼ਰੂਰਤ ਹੈ, ਸਗੋਂ ਬਿਨਾਂ ਸ਼ਰਤ ਇਸੇ ਪਲ ਤੋਂ ਪੀਣ ਦੇ ਪਾਣੀ ਦੀ ਵਰਤੋਂ 'ਚ ਜਾਗਰੂਕਤਾ ਅਤੇ ਸੰਜਮ ਵਰਤਣ ਦੀ ਲੋੜ ਹੈ, ਨਹੀਂ ਤਾਂ ਹਰ ਸਾਲ ਜਲ ਦਿਵਸ ਆਏਗਾ ਅਤੇ ਹਰ ਸਾਲ ਵੱਡੀਆਂ-ਵੱਡੀਆਂ ਗੱਲਾਂ ਹੋਣਗੀਆਂ, ਪਰ ਜਲ ਸੰਕਟ ਲਗਾਤਾਰ ਵਧੇਗਾ ਅਤੇ ਸਾਨੂੰ ਕਿਆਮਤ ਵੱਲ ਲੈ ਜਾਵੇਗਾ ।

**ਲੋਕਮਿੱਤਰ ਗੌਤਮ**

# ਚੌਲਾਂ ਅਤੇ ਖੰਡ ਤੋਂ ਇਥਾਨੌਲ ਬਣਾਉਣਾ ਪਾਣੀ ਲਈ ਘਾਤਕ

ਪਾਣੀ ਬਾਰੇ ਹਰ ਪਾਸੇ ਚਿੰਤਾਂ ਤਾਂ ਜ਼ਾਹਿਰ ਕੀਤੀ ਜਾ ਰਹੀ ਹੈ ਪਰ ਇਸ ਦੀ ਵਰਤੋਂ ਸਬੰਧੀ ਅੱਜ ਤੱਕ ਕਿਸੇ ਸਰਕਾਰ ਨੇ ਕੋਈ ਸਾਰਥਕ ਨੀਤੀ ਨਹੀਂ ਬਣਾਈ । ਪੰਜਾਬ ਦੀ ਖੇਤੀ ਖਾਸ ਕਰ ਕੇ ਝੋਨੇ-



ਡਾ. ਅਮਨਪ੍ਰੀਤ ਸਿੰਘ ਬਰਾੜ
ਮੋ: 96537-90000

ਕਣਕ ਦਾ ਫਸਲੀ ਚੱਕਰ ਸਭ ਤੇ ਨਿਸ਼ਾਨੇ 'ਤੇ ਰਹਿੰਦਾ; ਧਰਤੀ ਹੇਠਲੇ ਪਾਣੀ ਦਾ ਨੀਵੇਂ ਜਾਣ ਦਾ ਸਾਰਾ ਦੋਸ਼ ਝੋਨਾ ਲਾਉਣ ਵਾਲੇ ਕਿਸਾਨਾਂ ਸਿਰ ਮੜ੍ਹ ਦਿੱਤਾ ਜਾਂਦਾ ਹੈ । ਇੱਕ ਪਾਸੇ ਸਰਕਾਰ ਖੁਰਾਕੀ ਲੋੜਾਂ ਪੂਰੀਆਂ ਕਰਨ ਲਈ ਹਰ ਸਾਲ ਪੰਜਾਬ ਦੇ ਕਣਕ-ਝੋਨਾ ਪੈਦਾ ਕਰਨ ਦੇ ਟੀਚੇ ਵਧਾਉਂਦੀ ਹੈ; ਦੂਜੇ ਪਾਸੇ, ਸਾਇੰਸਦਾਨ ਪਾਣੀ ਦੀ ਬੱਚਤ ਲਈ ਫਸਲੀ ਵੰਨ-ਸੁਵੰਨਤਾ, ਫਸਲਾਂ ਦੀਆਂ ਕਿਸਮਾਂ ਤੇ ਫਸਲਾਂ ਉਗਾਉਣ ਦੀਆਂ ਨਵੀਆਂ ਤਕਨੀਕਾਂ ਦਾ ਪ੍ਰਚਾਰ ਕਰਦੇ ਹਨ ਪਰ ਆਰਥਿਕ ਆਧਾਰ 'ਤੇ ਝੋਨੇ ਦੀ ਫਸਲ ਦੇ ਬਦਲ ਬਾਰੇ ਸਾਰੇ ਚੁੱਪ ਹਨ ।

ਜ਼ਿਕਰਯੋਗ ਹੈ ਕਿ ਪਾਣੀ ਦੀ ਖਪਤ ਲਈ ਇਕੱਲਾ ਝੋਨਾ ਜ਼ਿੰਮੇਵਾਰ ਨਹੀਂ, ਵੱਡਾ ਕਾਰਨ ਫਸਲੀ ਸੰਘਣਾਪਣ ਹੈ । ਕਾਗਜ਼ਾਂ ਵਿਚ ਸਾਡੀ ਸੰਘਣੀ ਖੇਤੀ 180-190 ਹੈ; ਭਾਵ, ਸਾਲ 'ਚ ਦੋ ਫਸਲਾਂ ਤੋਂ ਘੱਟ ਪਰ ਅਸਲ 'ਚ ਇਹ 250 ਦੇ ਨੇੜੇ ਹੈ । ਗੰਨੇ ਅਤੇ ਬਾਗਾਂ ਨੂੰ ਇਕ ਫਸਲ ਗਿਣਿਆ ਜਾਂਦਾ ਹੈ ਜਦੋਂ ਕਿ ਇਸ ਨੂੰ ਪਾਣੀ ਦੀ ਲੋੜ ਸਾਰਾ ਸਾਲ ਰਹਿੰਦੀ ਹੈ । ਇਸੇ ਤਰ੍ਹਾਂ ਸਬਜ਼ੀਆਂ ਅਤੇ ਪੱਠਿਆਂ ਵਾਲੇ ਰਕਬੇ ਵਿਚ ਸਾਲ 'ਚ 3-4 ਫਸਲਾਂ ਮਾਮੂਲੀ ਗੱਲ ਹਨ । ਅੱਜ ਕੱਲ੍ਹ ਹਰੇ ਪੱਠਿਆਂ ਦਾ ਆਚਾਰ ਬਣਾਉਣ ਨਾਲ ਗਰਮੀ ਰੁੱਤ (ਅਪਰੈਲ ਤੋਂ ਜੂਨ) ਦੀ ਮੱਕੀ ਦਾ ਰਕਬਾ ਕਾਫੀ ਵੱਧ ਗਿਆ ਹੈ । ਸੱਠੀ ਮੂੰਗੀ ਵੀ ਪਾਣੀ ਵੱਧ ਲੈਂਦੀ ਹੈ । ਇਸ ਕਰ ਕੇ ਝੋਨੇ ਦਾ ਜੋ ਪਾਣੀ 'ਤੇ ਅਸਰ ਹੈ, ਉਸ ਤੋਂ ਵੱਧ ਸੰਘਣੀ ਖੇਤੀ ਵਧਣ ਕਾਰਨ ਵੀ ਪਾਣੀ ਦੀ ਲੋੜ ਦਿਨ-ਬ-ਦਿਨ ਵਧ ਰਹੀ ਹੈ । ਇੱਥੇ ਇੱਕ ਗੱਲ ਹੋਰ ਸਮਝਣ ਦੀ ਲੋੜ ਹੈ ਕਿ ਫਸਲ ਲਈ ਪਾਣੀ ਦੀ ਅਸਲ ਖਪਤ ਉਸ ਦੇ ਵਾਸ਼ਪੀਕਰਨ 'ਤੇ ਨਿਰਭਰ ਕਰਦੀ ਹੈ । ਮਿਸਾਲ ਦੇ ਤੌਰ 'ਤੇ ਕਈ ਬੁੱਧੀਮਾਨ ਲੋਕ ਝੋਨੇ ਦਾ ਬਦਲ ਗੰਨੇ ਨੂੰ ਦੱਸਦੇ ਹਨ ਜਦੋਂ ਕਿ ਗੰਨੇ ਦੀ ਫਸਲ ਦਾ ਵਾਸ਼ਪੀਕਰਨ ਝੋਨੇ ਨਾਲੋਂ ਢਾਈ ਗੁਣਾ ਜ਼ਿਆਦਾ ਹੈ । ਗੰਨੇ ਦਾ ਵਾਸ਼ਪੀਕਰਨ 180 ਸੈਂਟੀਮੀਟਰ ਹੈ, ਝੋਨੇ ਦਾ 73 ਸੈਂਟੀਮੀਟਰ । ਇਸੇ ਤਰ੍ਹਾਂ ਸਫੈਦੇ ਦਾ ਵਾਸ਼ਪੀਕਰਨ ਬਾਕੀ ਦਰੱਖਤਾਂ ਨਾਲੋਂ ਜ਼ਿਆਦਾ ਹੈ ।

## ਜੈਵਿਕ ਬਾਲਣ

ਅਮਰੀਕਾ ਨੇ 2012 ਤੋਂ ਮੱਕੀ ਤੋਂ ਇਥਾਨੌਲ ਬਣਾਉਣੀ ਸ਼ੁਰੂ ਕਰ ਦਿੱਤੀ । ਉਦੋਂ ਤੋਂ ਦੁਨੀਆਂ ਦੀ ਮੰਡੀ ਵਿਚ ਅਨਾਜ ਦੇ ਭਾਅ ਵਧਣੇ ਸ਼ੁਰੂ ਹੋ ਗਏ ਅਤੇ ਗਰੀਬ ਦੇਸ਼ਾਂ ਨੂੰ ਅਨਾਜ ਖਰੀਦਣਾ ਮੁਸ਼ਕਿਲ ਹੋ ਗਿਆ । ਭਾਰਤ ਨੇ ਵੀ ਖੰਡ ਅਤੇ ਸਟੋਰਾਂ ਵਿਚ ਖਰਾਬ ਕਣਕ ਅਤੇ ਟੋਟਾ ਚੌਲਾਂ ਤੋਂ ਇਥਾਨੌਲ ਬਣਾਉਣੀ ਸ਼ੁਰੂ ਕਰ ਦਿੱਤੀ । ਜਦੋਂ ਅਨਾਜ ਵਾਲੇ ਕਾਰਖਾਨੇ ਲੱਗ ਗਏ ਤਾਂ ਟੋਟਾ ਚੌਲਾਂ ਤੋਂ ਬਾਅਦ ਖਾਣ ਵਾਲੇ ਚਿੱਟੇ ਚੌਲ ਦੀ ਐਫ ਸੀ ਆਈ ਨੇ ਇਨ੍ਹਾਂ ਮਿੱਲਾਂ ਨੂੰ ਦੇਣੇ ਸ਼ੁਰੂ ਕਰ ਦਿੱਤੇ । ਉਧਰ, ਭਾਰਤ ਨੇ ਦਸੰਬਰ 2022 ਤੋਂ ਨਵੰਬਰ 2023 ਤੱਕ 12% ਇਥਾਨੌਲ ਦਾ ਟੀਚਾ ਰੱਖ ਲਿਆ । ਇਸ ਲਈ ਕੁੱਲ 651 ਕਰੋੜ ਲਿਟਰ ਇਥਾਨੌਲ ਚਾਹੀਦੀ ਸੀ । ਇਸ ਲਈ ਖੰਡ ਮਿੱਲਾਂ ਤੋਂ ਆਸ ਕੀਤੀ ਗਈ ਕਿ ਉਹ 45 ਲੱਖ ਟਨ ਖੰਡ ਇਥਾਨੌਲ ਬਣਾਉਣ ਲਈ ਦੇਣਗੀਆਂ । ਇਹ ਟੀਚਾ ਪੂਰਾ ਕਰਨ ਲਈ ਸਰਕਾਰ ਨੇ ਇਥਾਨੌਲ ਦੀ ਕੀਮਤ ਵਿਚ ਵੀ ਵਾਧਾ ਕੀਤਾ ਅਤੇ ਜੀ ਐੱਸ ਟੀ ਵੀ 18% ਤੋਂ ਘਟਾ ਕੇ 5% ਕਰ ਦਿੱਤਾ । ਐਫ ਸੀ ਆਈ ਨੇ ਖਾਣ ਵਾਲੇ ਸਾਬਤ ਚੌਲ ਵੀ ਇਥਾਨੌਲ ਬਣਾਉਣ ਲਈ 2000 ਰੁਪਏ ਪ੍ਰਤੀ ਕੁਇੰਟਲ ਦਿੱਤੇ । ਇਕ ਕੁਇੰਟਲ ਚੌਲਾਂ ਤੋਂ 45-48 ਲਿਟਰ, ਇਕ ਕੁਇੰਟਲ ਮੱਕੀ ਤੋਂ 38 ਤੋਂ 40 ਲਿਟਰ, ਇਕ ਕੁਇੰਟਲ ਗੰਨੇ ਤੋਂ 7.2 ਲਿਟਰ, ਇਕ ਕੁਇੰਟਲ ਸੀਰੇ (ਮੋਲੇਸਿਸ) ਤੋਂ 37 ਲਿਟਰ ਅਤੇ ਵਧੀਆ ਖੰਡ ਤੋਂ 54 ਲਿਟਰ ਇਥਾਨੌਲ ਬਣਦੀ ਹੈ । ਐਫ ਸੀ ਆਈ ਨੇ ਦਸੰਬਰ 2020 ਤੋਂ ਬਾਅਦ 24 ਲੱਖ ਟਨ ਚੌਲ ਇਥਾਨੌਲ ਬਣਾਉਣ ਲਈ 2000 ਰੁਪਏ ਦੇ ਹਿਸਾਬ ਨਾਲ ਵੇਚੇ ; ਖੁੱਲ੍ਹੀ ਮੰਡੀ ਵਿਚ ਜਾਂ ਸੂਬਿਆਂ ਨੂੰ 3000 ਰੁਪਏ ਕੁਇੰਟਲ ਤੋਂ ਉੱਪਰ ਵੇਚੇ ਜਾਂਦੇ ਹਨ ।

ਨੀਤੀ ਆਯੋਗ ਮੁਤਾਬਕ 2024-26 ਤੱਕ ਇਥਾਨੌਲ ਮਿਲਾਉਣ ਦਾ ਟੀਚਾ ਪੂਰਾ ਕਰਨ ਲਈ 1400 ਕਰੋੜ ਲੀਟਰ ਇਥਾਨੌਲ ਚਾਹੀਦੀ ਹੈ । ਕੇਂਦਰ ਦੇ ਪੈਟਰੋਲੀਅਮ ਰਾਜ ਮੰਤਰੀ ਦੇ ਲੋਕ ਸਭਾ ਵਿਚ (ਦਸੰਬਰ ਵਿੱਚ) ਦਿੱਤੇ ਬਿਆਨ ਮੁਤਾਬਕ, ਦੇਸ਼ ਵਿਚ 947 ਕਰੋੜ ਲਿਟਰ ਇਥਾਨੌਲ ਬਣਦੀ ਹੈ । 619 ਕਰੋੜ ਲਿਟਰ ਸੀਰੇ ਤੋਂ ਅਤੇ 228 ਕਰੋੜ ਲਿਟਰ ਅਨਾਜ ਤੋਂ । ਦੇਸ਼ ਵਿਚ 263 ਕਾਰਖਾਨੇ ਖੰਡ ਮਿਲ ਆਧਾਰਿਤ ਅਤੇ 123 ਕਾਰਖਾਨੇ ਅਨਾਜ ਆਧਾਰਿਤ ਹਨ । ਇਸ ਸਨਅਤ ਨੂੰ ਅੱਗੇ ਵਧਾਉਣ ਲਈ ਸਰਕਾਰ ਨੇ 5 ਸਾਲ ਲਈ ਪੂੰਜੀ 'ਤੇ ਅੱਧਾ ਵਿਆਜ ਦੇਣਾ ਮੰਨਿਆ ਹੈ ਜੋ ਵੱਧ ਤੋਂ ਵੱਧ 6% ਹੋਵੇਗਾ । ਜੈਵਿਕ ਬਾਲਣ ਬਣਾਉਣ ਲਈ ਪਰਾਲੀ, ਨਰਮੇ ਦੀਆਂ ਛਿਟੀਆਂ, ਛੱਲੀਆਂ ਦੇ ਗੁੱਲ ਜਾਂ ਹੋਰ ਕੋਈ ਵੀ ਸਟਾਰਚ ਨਾਲ ਪਦਾਰਥ ਹੋਵੇ,



ਵਰਤਿਆ ਜਾ ਸਕਦਾ ਹੈ ।

## ਊਰਜਾ

ਗੈਸੋਲੀਨ ਜਾਂ ਪੈਟਰੋਲ ਵਿਚ 36.1 ਐਮਜੇ (ਮੈਗਾ ਜੂਲ) ਊਰਜਾ ਹੁੰਦੀ ਹੈ; ਇਥਾਨੌਲ ਵਿਚ 23.6 ਐਮਜੇ ਇਕ ਮੈਗਾ ਜੂਲ (Joule) 'ਚ ਤਕਰੀਬਨ 239 ਕਿਲੋ ਕੈਲੋਰੀਜ਼ ਹੁੰਦੀਆਂ ਹਨ । ਇਕ ਕਿਲੋ ਕੈਲਰੀ ਦਾ ਮਤਲਬ ਹੈ ਕਿ ਜਿੰਨੀ ਊਰਜਾ (ਗੈਸ, ਤੇਲ, ਹੋਰ ਬਾਲਣ ਵਿੱਚੋਂ ਗਰਮੀ) ਇਕ ਲਿਟਰ ਪਾਣੀ ਨੂੰ ਇੱਕ ਡਿਗਰੀ ਸੈਂਟੀਗਰੇਡ ਤੱਕ ਗਰਮ ਕਰ ਦੇਵੇ; ਭਾਵ, ਇੱਕ ਲਿਟਰ ਪਾਣੀ ਦੀ ਤਾਪਮਾਨ 23 ਡਿਗਰੀ ਤੋਂ 24 ਡਿਗਰੀ ਸੈਲਸੀਅਸ ਕਰ ਦੇਵੇ । ਊਰਜਾ ਦਾ ਮਿਆਰੀ ਯੂਨਿਟ ਜੂਲ ਹੀ ਹੈ । ਇਕ ਕਿਲੋ ਕੈਲਰੀ 4.18 ਦੇ ਬਰਾਬਰ ਹੈ । ਸਿੱਧੀ ਗੱਲ, ਇਥਾਨੌਲ ਵਿਚ ਦੇਲ ਨਾਲੋਂ ਊਰਜਾ 35% ਘੱਟ ਹੈ; ਭਾਵ, ਜਿੰਨੇ ਹਿੱਸੇ ਇਸ ਦਾ ਮਿਸ਼ਰਨ ਵਧਦਾ ਜਾਵੇਗਾ, ਪ੍ਰਤੀ ਲਿਟਰ ਮਾਈਲੇਜ ਘਟਦੀ ਜਾਵੇਗੀ; ਭਾਵ, ਜੇ 15 ਕਿਲੋਮੀਟਰ ਪ੍ਰਤੀ ਲਿਟਰ ਔਸਤ ਵਾਲੀ ਗੱਡੀ 100 ਕਿਲੋਮੀਟਰ ਜਾਣ ਲਈ 6.7 ਲਿਟਰ ਪੈਟਰੋਲ ਖਪਤ ਕਰੇਗੀ ਤਾਂ 20% ਮਿਸ਼ਰਨ ਵਾਲੇ ਪੈਟਰੋਲ 7.1 ਲਿਟਰ ਲੱਗੇਗਾ । ਜਿੱਥੇਂ ਤੱਕ ਕੀਮਤ ਦਾ ਸਵਾਲ ਹੈ, ਇਥਾਨੌਲ ਅਤੇ ਗੈਸੋਲੀਨ (ਬਿਨਾਂ ਟੈਕਸ) ਦੀ ਕੀਮਤ 65 ਰੁਪਏ ਦੇ ਆਸ-ਪਾਸ ਹੈ । ਸਨਅਤ ਨੇ 2024-25 ਲਈ ਗੰਨੇ ਦੇ ਰਸ ਤੋਂ ਪੈਦਾ ਹੋਣ ਵਾਲੀ ਇਥਾਨੌਲ ਦੀ ਕੀਮਤ 73.14 ਰੁਪਏ ਪ੍ਰਤੀ ਲਿਟਰ ਦੀ ਮੰਗ ਕੀਤੀ ਹੈ ।

## ਪਾਣੀ

ਇਸ ਵੇਲੇ ਜ਼ਿਆਦਾਤਰ ਇਥਾਨੌਲ ਗੰਨੇ ਅਤੇ ਚੌਲਾਂ ਤੋਂ ਬਣਾਈ ਜਾਂਦੀ ਹੈ । ਦੋਵੇਂ ਫਸਲਾਂ ਪਾਣੀ ਵੱਧ ਲੈਂਦੀਆਂ ਹਨ । ਸੀਰੇ ਤੋਂ ਇਥਾਨੌਲ ਬਣਾਉਣੀ, ਭਾਵ, ਖੰਡ ਮਿਲਾਂ ਦੀ ਰਹਿੰਦ-ਖੂੰਹਦ ਵਰਤ ਕੇ ਤਾਂ ਠੀਕ ਹੈ ਪਰ ਜੇ ਗੰਨਾ ਜਾਂ ਚੌਲ ਇਸ ਕਰ ਕੇ ਉਗਾਈਏ ਕਿ ਅਸੀਂ ਉਸ ਤੋਂ ਅੱਗੇ ਇਥਾਨੌਲ ਬਣਾਉਣੀ ਹੈ, ਇਹ ਪਾਣੀ ਲਈ ਨੁਕਸਾਨਦੇਹ ਹੈ । ਸਮੁੱਚੇ ਭਾਰਤ 'ਚ ਸਿੰਜਾਈ ਵਾਲੇ ਪਾਣੀ ਦੀ ਕਮੀ ਹੈ । ਜਿਹੜੇ ਤਿੰਨ ਸੂਬਿਆਂ (ਮਹਾਰਾਸ਼ਟਰ, ਉੱਤਰ ਪ੍ਰਦੇਸ਼, ਕਰਨਾਟਕ) 'ਚ ਗੰਨਾ ਜ਼ਿਆਦਾ ਉਗਾਇਆ ਜਾਂਦਾ ਹੈ, ਉੱਥੇ ਧਰਤੀ ਹੇਠਲੇ ਪਾਣੀ ਦੀ ਕਮੀ ਹੈ । ਤਕਰੀਬਨ ਤੀਜੇ ਹਿੱਸੇ 'ਚ ਲੋੜ ਤੋਂ ਵੱਧ ਪਾਣੀ ਕੱਢਿਆ ਗਿਆ ਹੈ । ਜੇ ਇਹ ਫਸਲ ਬਾਰਸ਼ 'ਤੇ ਉਗਾਉਣੀ ਹੋਵੇ ਤਾਂ 300 ਸੈਂਟੀਮੀਟਰ ਬਾਰਸ਼ ਸਾਲਾਨਾ ਚਾਹੀਦੀ ਹੈ । ਗੰਨੇ ਤੋਂ ਇਕ ਲਿਟਰ ਇਥਾਨੌਲ ਬਣਾਉਣ ਲਈ 2860 ਲਿਟਰ ਪਾਣੀ, ਚੌਲਾਂ ਤੋਂ ਇਕ ਲਿਟਰ ਇਥਾਨੌਲ ਬਣਾਉਣ ਲਈ 10,840 ਲਿਟਰ ਪਾਣੀ ਚਾਹੀਦਾ ਹੈ । ਜੋ ਪਾਣੀ ਇਥਾਨੌਲ ਫੈਕਟਰੀ 'ਚ ਲੱਗਣਾ, ਉਹ ਅਲੱਗ ਹੈ । ਮੱਕੀ ਵਿੱਚੋਂ ਇਕ ਲਿਟਰ ਇਥਾਨੌਲ ਬਣਾਉਣ ਲਈ 2230 ਲਿਟਰ ਪਾਣੀ ਚਾਹੀਦਾ ਹੈ । ਪੰਜਾਬ 'ਚ ਝੋਨੇ ਦਾ ਬਦਲ ਮੱਕੀ ਚਾਹੀਦੀ ਹੈ ਤੇ ਉਸ ਦੀ ਸਰਕਾਰੀ ਖਰੀਦ ਕੀਤੀ ਜਾਵੇ । ਆਮਦਨ ਝੋਨੇ ਦੇ ਬਰਾਬਰ ਨਿਸ਼ਚਿਤ ਕੀਤੀ ਜਾਵੇ ।


ਇਕ ਗੱਲ ਸਾਫ ਹੈ ਕਿ ਤੇਲ (ਖਣਿਜ ਜਾਂ ਜੈਵਿਕ) ਸਾਡੀ ਜ਼ਿੰਦਗੀ ਨੂੰ ਸੁਖਾਲਾ ਬਣਾਉਣ ਲਈ ਵੱਡੀ ਭੂਮਿਕਾ ਨਿਭਾਉਂਦਾ ਹੈ । ਭਾਰਤ ਆਪਣੀ ਲੋੜ ਦਾ 85% ਤੋਂ ਵੱਧ ਖਣਿਜ ਤੇਲ (ਕਰੂਡ ਆਇਲ) ਦਰਾਮਦ ਕਰਦਾ ਹੈ । ਵਿਦੇਸ਼ੀ ਮੁਦਰਾ ਬਚਾਉਣ ਲਈ ਦੇਸ਼ ਵਿਚ ਬਾਲਣ ਲਈ ਇਥਾਨੌਲ, ਸੀ ਬੀ ਜੀ ਜਾਂ ਬਾਇਓਡੀਜ਼ਲ ਬਣਾਉਣ ਲਈ ਉਪਰਾਲੇ ਕੀਤੇ ਗਏ ਹਨ । ਜਿੱਥੋਂ ਤੱਕ ਇਹ ਵਸਤਾਂ ਮੁੱਖ ਫਸਲਾਂ ਦੀ ਬਾਈਪ੍ਰੋਡਕਟ ਤੋਂ ਬਣਾਉਣ ਦਾ ਸਵਾਲ ਹੈ ਤਾਂ ਇਹ ਠੀਕ ਹਨ ਜਿਵੇਂ ਗੰਨੇ ਮਿੱਲ ਦਾ ਸੀਰਾ, ਚੌਲਾਂ ਦੀ ਪਰਾਲੀ ਜਾਂ ਫੱਕ, ਨਰਮੇ ਦੀਆਂ ਛਿੱਟੀਆਂ, ਮੱਕੀ ਤੇ ਜਵਾਰ ਦੇ ਟਾਂਡੇ ਪਰ ਜੇ ਇਨ੍ਹਾਂ ਨੂੰ ਛੱਡ ਕੇ ਅਸੀਂ ਗੰਨੇ ਦਾ ਰਸ, ਖੰਡ ਜਾਂ ਚੌਲ ਵਰਤੀਏ ਤਾਂ ਇਹ ਜਾਇਜ਼ ਨਹੀਂ । ਜਿਸ ਦੀ ਦੇਸ਼ 'ਚ ਪਾਣੀ ਦੀ ਪਹਿਲਾਂ ਹੀ ਕਮੀ ਹੈ, ਜ਼ਿਆਦਾ ਪਾਣੀ ਲੈਣ ਵਾਲੀਆਂ ਇਨ੍ਹਾਂ ਫਸਲਾਂ ਦੀ ਕਾਸ਼ਤ ਠੀਕ ਨਹੀਂ । ਜਿੱਥੋਂ ਤੱਕ ਵਾਤਾਵਰਨ 'ਤੇ ਪ੍ਰਭਾਵ ਦੀ ਗੱਲ ਹੈ, ਇਸ 'ਤੇ ਸਾਰੇ ਸਿਸਟਮ ਨੂੰ ਇਕੱਠਾ ਵਿਚਾਰਨਾ ਚਾਹੀਦਾ ਹੈ । ਜਿੰਨੀ ਇਥਾਨੌਲ ਸਨਅਤ ਲੱਗਣੀ ਹੈ, ਉਹ ਮੱਕੀ ਆਧਾਰਿਤ ਲੱਗੇ ਅਤੇ ਇਹ ਮਿੱਥੇ ਭਾਅ 'ਤੇ ਸਰਕਾਰ ਖਰੀਦ ਕੇ ਮਿੱਲਾਂ ਨੂੰ ਦੇਵੇ । ਇਉਂ, ਪਾਣੀ ਵੀ ਬਚੇਗਾ, ਪ੍ਰਦੂਸ਼ਣ ਦੀ ਘਟੇਗਾ ।

# ਅੱਤ ਦੀ ਗਰਮੀ ਤੋਂ ਪਸ਼ੂ-ਪੰਛੀਆਂ ਦੇ ਬਚਾਅ ਅਤੇ ਸਾਵਧਾਨੀਆਂ

★ ਪਸ਼ੂ-ਪੰਛੀਆਂ ਲਈ ਤਾਜ਼ਾ ਅਤੇ ਠੰਡਾ ਪਾਣੀ 24 ਘੰਟੇ ਲਈ ਉਪਲੱਬਧ ਰਹਿਣਾ ਚਾਹੀਦਾ ਹੈ । ਹਰ ਦੋ ਤਿੰਨ ਘੰਟੇ ਬਾਅਦ ਪਾਣੀ ਬਦਲਣਾ ਬਹੁਤ ਜ਼ਰੂਰੀ ਹੈ ।

★ ਖੁੱਲ੍ਹੇ ਦਾਰਿਆਂ ਵਿਚ ਪਾਣੀ ਦੇ ਖੇਲ ਠੰਡੀ ਜਗ੍ਹਾ ਉੱਪਰ ਬਣਾਉ ਅਤੇ ਪਾਣੀ ਵਾਰ-ਵਾਰ ਬਦਲੋ । ਬੰਨ੍ਹੇ ਜਾਨਵਰਾਂ ਲਈ ਪਾਣੀ ਦਾ ਪ੍ਰਬੰਧ ਸਮੇਂ-ਸਮੇਂ ਕਰਦੇ ਰਹੋ । ਪੰਛੀਆਂ ਦੇ ਪਾਣੀ ਲਈ ਬਰਤਨ ਤਾਜ਼ੇ ਪਾਣੀ ਨਾਲ ਭਰ ਕੇ ਰੱਖੋ ।

★ ਪਸ਼ੂ-ਪੰਛੀਆਂ ਲਈ ਛਾਂ ਦਾ ਪ੍ਰਬੰਧ ਯਕੀਨੀ ਬਣਾ ਕੇ ਰੱਖੋ । ਸ਼ੈੱਡ ਅੰਦਰ ਹਵਾ ਦੇ ਅਦਾਨ-ਪ੍ਰਦਾਨ ਲਈ ਪੱਖੇ, ਕੂਲਰ, ਫੁਹਾਰੇ ਅਤੇ ਸਪ੍ਰਿੰਕਲਰ ਆਦਿ ਦੀ ਵਰਤੋਂ ਯਕੀਨੀ ਬਣਾਓ ।



★ ਪਸ਼ੂ-ਪੰਛੀਆਂ ਨੂੰ ਖੁਰਾਕ ਦਿਨ ਦੇ ਠੰਡੇ ਪਹਿਰ ਜਿਵੇਂ ਕਿ ਸਵੇਰੇ ਜਲਦੀ ਅਤੇ ਸ਼ਾਮ ਨੂੰ ਲੇਟ ਪਾਉਣ ਨਾਲ ਗਰਮੀ ਦੇ ਪ੍ਰਕੋਪ ਤੋਂ ਘਟਾਇਆ ਜਾ ਸਕਦਾ ਹੈ । ਸਿਖਰ ਦੁਪਹਿਰੇ ਕਦੇ ਵੀ ਖੁਰਾਕ ਨਾ ਪਾਓ ।

★ ਧਾਰਾਂ ਕੱਢਣ ਤੋਂ ਬਾਅਦ ਹੀ ਖੁਰਾਕ ਦਿੱਤੀ ਜਾਵੇ ਅਤੇ ਤਾਜ਼ਾ ਪਾਣੀ ਵੀ ਲੋੜ ਮੁਤਾਬਿਕ ਉਪਲੱਬਧ ਰੱਖੋ ।

★ਪਸ਼ੂ-ਪੰਛੀਆਂ ਲਈ ਖੁਰਾਕ ਰਾਤ ਦੇ ਸਮੇਂ ਵੱਧ ਪਾਓ । ਰਾਤ ਦੇ ਸਮੇਂ ਖੁਰਾਕ ਦੇ ਨਾਲ ਮੱਧਮ ਰੌਸ਼ਨੀ ਦਾ ਪ੍ਰਬੰਧ ਵੀ ਖੁਰਾਕ ਖਾਣ ਦੀ ਸਮਰੱਥਾ ਵਿਚ ਵਾਧਾ ਕਰਦਾ ਹੈ ।

★ ਦੁੱਧ ਦੀ ਫੈਟ, ਗ੍ਰੈਵਿਟੀ ਦੀ ਕਮੀ ਪੂਰੀ ਕਰਨ ਲਈ ਖੁਰਾਕ ਵਿਚ 125 ਗ੍ਰਾਮ ਯੀਸਟ ਪ੍ਰਤੀ ਕੁਇੰਟਲ ਵਰਤੋ ।

★ ਸ਼ੈੱਡ ਦੇ ਆਲੇ-ਦੁਆਲੇ ਵੱਧ ਤੋਂ ਵੱਧ ਦਰਖਤ ਲਗਾਓ ।

★ ਚਿੱਚੜਾਂ ਦੀ ਰੋਕਥਾਮ ਪਸ਼ੂਆਂ ਅਤੇ ਸ਼ੈੱਡ ਅੰਦਰ ਕਰਨੀ ਯਕੀਨੀ ਬਣਾਓ ।

★ ਦੁੱਧ, ਅੰਡੇ ਅਤੇ ਮੀਟ ਠੰਡੀ ਜਗ੍ਹਾ ਉੱਪਰ ਸਟੋਰ ਕਰੋ ।

★ ਬੱਕਰੀਆਂ ਅਤੇ ਭੇਡਾਂ ਦੇ ਇੱਜੜਾਂ ਚਰਾਂਦਾਂ ਵਿਚ ਠੰਡੇ ਪਹਿਰ ਹੀ ਲਿਜਾਣੇ ਚਾਹੀਦੇ ਹਨ ।

★ ਵੈਕਸੀਨੇਸ਼ਨ ਅਤੇ ਬਿਮਾਰੀਆਂ ਦੀ ਰੋਕਥਾਮ ਲਈ ਠੰਡੇ ਪਹਿਰ ਹੀ ਚੋਣ ਕਰਨੀ ਚਾਹੀਦੀ ਹੈ ।

**ਅਜੀਤਪਾਲ ਸਿੰਘ ਧਾਲੀਵਾਲ, ਤੇਜਵੀਰ ਸਿੰਘ ਬੁੱਟਰ ਅਤੇ ਗੁਰਦੀਪ ਸਿੰਘ ਸਿੱਧੂ,**
**ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ,**
**ਮੋਬਾਇਲ : 98142-49159**



# ਜੁਲਾਈ ਮਹੀਨੇ ਦੇ ਖੇਤੀ ਰੁਝੇਵੇਂ

**ਸੰਯੋਜਕ** : ਅਮਰਜੀਤ ਸਿੰਘ **ਸੰਗ੍ਰਹਿ ਕਰਤਾ** : ਕਮਲਜੀਤ ਸਿੰਘ ਸੂਰੀ, ਅਮਿਤ ਕੌਲ, ਅਰਸ਼ ਆਲਮ ਸਿੰਘ ਗਿੱਲ, ਜਸਵਿੰਦਰ ਸਿੰਘ ਬਰਾੜ, ਨਵਨੀਤ ਕੌਰ, ਸਿਮਰਤ ਸਿੰਘ, ਰੂਮਾ ਦੇਵੀ, ਤੇਜਵੀਰ ਸਿੰਘ ਅਤੇ ਸ਼ਿਵਾਨੀ ਸ਼ਰਮਾ।

**ਝੋਨਾ** : ਪੂਸਾ ਬਾਸਮਤੀ-1847, ਪੰਜਾਬ ਬਾਸਮਤੀ-7, ਪੰਜਾਬ ਬਾਸਮਤੀ-5, ਪੂਸਾ ਬਾਸਮਤੀ-1718 ਅਤੇ ਪੂਸਾ-1121 ਕਿਸਮ ਦੀ ਲੁਆਈ ਜੁਲਾਈ ਪਹਿਲੇ ਪੰਦਰਵਾੜੇ ਤੱਕ ਪੂਰੀ ਕਰ ਲੈਣੀ ਚਾਹੀਦੀ ਹੈ। ਸੀ ਐਸ ਆਰ-30, ਪੂਸਾ ਬਾਸਮਤੀ-1509, ਕਿਸਮ ਦੀ ਪਨੀਰੀ ਪੁੱਟ ਕੇ ਖੇਤ ਵਿਚ ਲੁਆਈ ਜੁਲਾਈ ਦੇ ਦੂਸਰੇ ਪੰਦਰਵਾੜੇ ਕਰੋ। ਬਾਸਮਤੀ ਨੂੰ ਝੰਡਾ ਰੋਗ (ਪੈਰ ਗਲਣ) ਤੋਂ ਬਚਾਉਣ ਲਈ ਬਿਜਾਈ ਤੋਂ ਪਹਿਲਾਂ 3 ਗ੍ਰਾਮ ਸਪਰਿੰਟ 75 ਡਬਲਯੂ ਐਸ ਨੂੰ 10 ਮਿ.ਲਿ. ਪਾਣੀ ਵਿਚ ਘੋਲ ਕੇ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧ ਲਓ ਜਾਂ ਟਰਾਈਕੋਡਰਮਾ ਐਸਪੈਰੇਲਮ ਫਾਰਮੂਲੇਸ਼ਨ ਨਾਲ (15 ਗ੍ਰਾਮ ਪ੍ਰਤੀ ਲਿਟਰ ਪਾਣੀ) ਦੇ ਘੋਲ ਵਿੱਚ 6 ਘੰਟੇ ਲਈ ਡੋਬ ਕੇ ਸੋਧ ਲਵੋ। 9 ਕਿਲੋ ਯੂਰੀਆ ਪ੍ਰਤੀ ਏਕੜ ਦੇ ਹਿਸਾਬ ਪਹਿਲੀ ਅੱਧੀ ਕਿਸ਼ਤ ਪਨੀਰੀ ਲਗਾਉਣ ਤੇ ਤਿੰਨ ਹਫਤੇ ਬਾਅਦ, ਸੀ ਐਸ ਆਰ-30 ਨੂੰ ਪਾਉ ਅਤੇ 18 ਕਿਲੋ ਯੂਰੀਆ ਦੀ ਪਹਿਲੀ ਕਿਸ਼ਤ ਪੂਸਾ ਬਾਸਮਤੀ-1121, ਪੰਜਾਬ ਬਾਸਮਤੀ-7, ਪੰਜਾਬ ਬਾਸਮਤੀ-5, ਪੂਸਾ ਬਾਸਮਤੀ-1637, ਪੂਸਾ ਬਾਸਮਤੀ-1718 ਨੂੰ ਅਤੇ 27 ਕਿਲੋ ਯੂਰੀਆ ਪੂਸਾ ਬਾਸਮਤੀ 1509 ਨੂੰ ਪਾਓ। ਜੇਕਰ ਪਹਿਲਾਂ ਸਿਫਾਰਸ਼ ਕੀਤੀ ਫਾਸਫੋਰਸ ਖਾਦ ਕਣਕ ਨੂੰ ਪਾਈ ਗਈ ਹੋਵੇ ਤਾਂ ਬਾਸਮਤੀ ਨੂੰ ਇਸ ਖਾਦ ਦੀ ਲੋੜ ਨਹੀਂ। ਨਦੀਨਾਂ ਦੀ ਰੋਕਥਾਮ ਲਈ 60 ਗ੍ਰਾਮ ਪਾਈਰੈਜੋਸਲਫੂਰੋਨ ਈਥਾਈਲ 10 ਤਾਕਤ ਜਾਂ 1200 ਮਿਲੀਲਿਟਰ ਬੂਟਾਕਲੋਰ 50 ਤਾਕਤ ਜਾਂ 1000-1200 ਮਿਲੀਲਿਟਰ ਪੈਂਡੀਮੈਥਾਲੀਨ 30 ਤਾਕਤ ਜਾਂ 600 ਮਿਲੀਲਿਟਰ ਪਰੈਟੀਲਾਕਲੋਰ 50 ਤਾਕਤ ਜਾਂ 500 ਮਿਲੀਲਿਟਰ ਐਨੀਲੋਫੋਸ 30 ਤਾਕਤ ਜਾਂ 45 ਗ੍ਰਾਮ ਟੌਪ ਸਟਾਰ ਪ੍ਰਤੀ ਏਕੜ ਦੇ ਹਿਸਾਬ ਨਾਲ 60 ਕਿਲੋ ਰੇਤ ਵਿਚ ਮਿਲਾ ਕੇ ਪਾਓ। ਖੇਤ ਵਿਚ ਝੋਨੇ ਦੀ ਪਨੀਰੀ ਲਾਉਣ ਦੇ 2-3 ਦਿਨਾਂ ਕੇ ਅੰਦਰ 4 ਤੋਂ 5 ਸੈਂਟੀਮੀਟਰ ਖੜ੍ਹੇ ਪਾਣੀ ਵਿਚ ਇਕਸਾਰ ਨਦੀਨਨਾਸ਼ਕ ਦੀ ਵਰਤੋਂ ਕਰੋ। ਚੌੜੇ ਪੱਤਿਆਂ ਦੇ ਨਦੀਨਾਂ ਦੀ ਰੋਕਥਾਮ ਲਈ ਐਲਗਰਿਪ (ਮੈਟਾਸਲਫੂਰਾਨ) 30 ਗ੍ਰਾਮ ਜਾਂ ਸਨਰਾਈਸ 15 ਤਾਕਤ 50 ਗ੍ਰਾਮ ਜਾਂ ਲੋਡੈਕਸ 60 ਤਾਕਤ 40 ਗ੍ਰਾਮ ਜਾਂ ਸੈਗਮੈਂਟ 16 ਗ੍ਰਾਮ ਜਾਂ 8 ਗ੍ਰਾਮ ਐਲਮਿਕਸ ਪ੍ਰਤੀ ਏਕੜ ਨੂੰ 150 ਲਿਟਰ ਪਾਣੀ ਵਿੱਚ ਪਾ ਕੇ ਲੁਆਈ ਦੇ 20-25 ਦਿਨਾਂ ਬਾਅਦ ਛਿੜਕਾਅ ਕਰੋ। ਸੁਆਂਕ ਅਤੇ ਮੋਥਿਆਂ ਦੀ ਅਸਰਦਾਰ ਰੋਕਥਾਮ ਲਈ 100 ਮਿਲੀਲਿਟਰ ਪ੍ਰਤੀ ਏਕੜ ਨੋਮੀਨੀਗੋਲਡ 10 ਐਸ ਸੀ (ਬਿਸਪਾਇਰੀਬੈਕ) ਨੂੰ 150 ਲਿਟਰ ਪਾਣੀ ਵਿਚ ਘੋਲ ਕੇ ਲੁਆਈ ਤੋਂ 20-25 ਦਿਨਾਂ ਬਾਅਦ ਛਿੜਕਾਅ ਕਰੋ। ਜਿਹਨਾਂ ਖੇਤਾਂ ਵਿਚ ਲੈਪਟੋਕਲੋਆ (ਚੀਨੀ) ਘਾਹ ਅਤੇ ਕਣਕੀ ਦੀ ਸਮੱਸਿਆ ਹੋਵੇ, ਉੱਥੇ 400 ਮਿਲੀਲਿਟਰ ਪ੍ਰਤੀ ਏਕੜ ਰਾਈਸਸਟਾਰ 6.7 ਈ ਸੀ (ਫਿਨੋਕਸਪ੍ਰੌਪ) ਨੂੰ 150 ਲਿਟਰ ਪਾਣੀ ਵਿਚ ਘੋਲ ਕੇ ਝੋਨੇ ਦੀ ਲੁਆਈ ਤੋਂ 20-25 ਦਿਨਾਂ ਤੇ ਛਿੜਕਾਅ ਕਰੋ। ਸਵਾਂਕ, ਝੋਨੇ ਦੇ ਮੋਥੇ ਅਤੇ ਚੌੜੀ ਪੱਤੀ ਵਾਲੇ ਨਦੀਨਾਂ ਦੀ ਰੋਕਥਾਮ ਲਈ ਨੋਵੀਕਸਿਡ 3.25 ਓ ਡੀ 500 ਮਿ.ਲੀ. ਜਾਂ ਏਕੇਤਸੂ 43 ਡਬਲਯੂ ਜੀ 40 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ 150 ਲਿਟਰ ਪਾਣੀ ਵਿਚ ਮਿਲਾ ਕੇ ਲੁਆਈ ਤੋਂ 20-25 ਦਿਨਾਂ ਬਾਅਦ ਛਿੜਕਾਅ ਕਰੋ। ਛਿੜਕਾਅ ਤੋਂ ਪਹਿਲਾਂ ਖੇਤ ਵਿਚੋਂ ਖੜ੍ਹਾ ਪਾਣੀ ਬਾਹਰ ਕੱਢ ਦਿਓ ਅਤੇ ਛਿੜਕਾਅ ਦੇ ਇੱਕ ਦਿਨ ਬਾਅਦ ਪਾਣੀ ਦਿਓ। ਛਿੜਕਾਅ ਸ਼ਾਂਤ ਅਤੇ ਸਾਫ ਦਿਨ ਕਰਨਾ ਚਾਹੀਦਾ ਹੈ। ਝੋਨੇ ਨੂੰ 30-30 ਕਿਲੋ ਯੂਰੀਆ ਦੀ ਦੂਜੀ ਅਤੇ ਤੀਜੀ ਕਿਸ਼ਤ ਲੁਆਈ ਤੋਂ 3 ਅਤੇ 6 ਹਫਤੇ ਬਾਅਦ ਪਾਉ। ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਜਿਵੇਂ ਕਿ ਪੀ. ਆਰ. 124 ਅਤੇ ਪੀ ਆਰ 126 ਨੂੰ ਯੂਰੀਆ ਖਾਦ ਦੀ ਤੀਜੀ ਕਿਸ਼ਤ ਪਨੀਰੀ ਲਾਉਣ ਤੋਂ 5 ਹਫਤੇ ਬਾਅਦ ਪਾਉ। ਪੀ. ਏ. ਯੂ. ਪੱਤਾ ਚਾਰਟ ਵਿਧੀ ਨਾਲ ਯੂਰੀਆ ਪਾਉਣ ਲਈ ਲੁਆਈ ਤੋਂ ਦੋ ਹਫਤਿਆਂ ਬਾਅਦ ਪੂਰੇ ਖੁੱਲੇ ਨਵੇਂ 10 ਪੱਤਿਆਂ ਦਾ ਰੰਗ ਚਾਰਟ ਨਾਲ ਮਿਲਾਓ। ਜੇਕਰ 6 ਜਾਂ 6 ਤੋਂ ਵੱਧ ਪੱਤਿਆਂ ਦਾ ਰੰਗ ਚਾਰਟ ਦੀ ਟਿੱਕੀ ਨੰ. 4 ਦੇ ਬਰਾਬਰ ਹੈ ਜਾਂ ਗੂੜਾ ਹੈ ਤਾਂ ਯੂਰੀਆ ਪਾਉਣ ਦੀ ਲੋੜ ਨਹੀਂ। ਜੇਕਰ 6 ਜਾਂ ਵੱਧ ਪੱਤਿਆਂ ਦਾ ਰੰਗ 4 ਨੰ. ਟਿੱਕੀ ਤੋਂ ਫਿੱਕਾ ਹੈ ਤਾਂ 25 ਕਿਲੋ ਯੂਰੀਆ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਓ। ਝੋਨਾ ਨਿਸਰਨ ਤੱਕ 7-10 ਦਿਨਾਂ ਦੇ ਵਕਫੇ ਤੇ ਪੱਤਾ ਰੰਗ ਚਾਰਟ ਨਾਲ ਝੋਨੇ ਦੇ ਪੱਤਿਆਂ ਦਾ ਰੰਗ ਮਿਲਾਉ ਅਤੇ ਲੋੜ ਪੈਣ ਤੇ ਹੀ ਯੂਰੀਆ ਪਾਉ। ਬਿਨਾਂ ਕੱਦੂ ਕੀਤੇ ਝੋਨੇ ਦੀ ਸਿੱਧੀ ਬਿਜਾਈ ਵਿੱਚ 43 ਕਿਲੋ ਯੂਰੀਆ ਪ੍ਰਤੀ ਏਕੜ ਕ੍ਰਮਵਾਰ 4,6 ਅਤੇ 9 ਹਫਤਿਆਂ ਤੇ ਪਾਉ। ਰੇਤਲੀਆਂ ਜ਼ਮੀਨਾਂ ਵਿੱਚ ਪਾਣੀ ਦੀ ਘਾਟ ਹੋਣ ਕਰਕੇ ਝੋਨੇ ਵਿੱਚ ਲੋਹੇ ਦੀ ਘਾਟ ਆ ਜਾਂਦੀ ਹੈ ਜਿਸ ਕਰਕੇ ਨਵੇਂ ਪੱਤੇ ਪੀਲੇ ਚਿੱਟੇ ਰੰਗ ਦੇ ਹੋ ਜਾਂਦੇ ਹਨ।



ਇਸ ਦੀ ਰੋਕਥਾਮ ਲਈ ਇੱਕ ਪ੍ਰਤੀਸ਼ਤ ਫੈਰਸ ਸਲਫੇਟ (1 ਕਿਲੋ 100 ਲਿਟਰ ਪਾਣੀ) 2-3 ਵਾਰ ਹਫਤੇ-ਹਫਤੇ ਦੇ ਵਕਫੇ ਤੇ ਛਿੜਕੋ। ਫੈਰਸ ਸਲਫੇਟ ਨੂੰ ਖੇਤ ਵਿੱਚ ਛਿੱਟਾ ਦੇਣ ਦਾ ਕੋਈ ਫਾਇਦਾ ਨਹੀਂ, ਲੋਹੇ ਦੀ ਘਾਟ ਆਉਣ ਤੇ ਸਿਰਫ ਛਿੜਕਾਅ ਹੀ ਕਰੋ। ਜੇਕਰ ਝੋਨੇ ਦੇ ਖੇਤਾਂ ਵਿੱਚ ਤਣੇ ਦੇ ਗੜੂੰਏ ਕਾਰਨ 5 ਪ੍ਰਤੀਸ਼ਤ ਤੋਂ ਜ਼ਿਆਦਾ ਗੋਭਾਂ ਸੁੱਕੀਆਂ ਹੋਣ ਤਾਂ ਇਨ੍ਹਾਂ ਦੀ ਰੋਕਥਾਮ ਲਈ 20 ਮਿਲੀਲਿਟਰ ਫੇਮ 480 ਐਸ ਸੀ ਜਾਂ 50 ਗ੍ਰਾਮ ਟਾਕੂਮੀ 20 ਡਬਲਯੂ ਜੀ ਜਾਂ 60 ਮਿਲੀਲਿਟਰ ਕੋਰਾਜ਼ਨ 18.5 ਐਸ ਸੀ (ਕਲੋਰਐਂਟਰਾਨਿਲੀਪਰੋਲ) ਜਾਂ 170 ਗ੍ਰਾਮ ਮੋਰਟਰ 75 ਐਸ ਜੀ ਜਾਂ 80 ਮਿਲੀਲਿਟਰ ਇਕੋਟਿਲ (ਅਜ਼ੈਡੀਰੈਕਟਿਨ 5%) ਨੂੰ 100 ਲਿਟਰ ਪਾਣੀ ਵਿੱਚ ਪ੍ਰਤੀ ਏਕੜ ਦੇ ਹਿਸਾਬ ਵਰਤੋ। ਇਕੋਟਿਲ ਦੀ ਵਰਤੋਂ ਨੂੰ ਕੀੜੇ ਦੇ ਸ਼ੁਰੂਆਤੀ ਹਮਲੇ ਸਮੇਂ ਪਹਿਲ ਦਿਉ। ਪੱਤਾ ਲਪੇਟ ਸੁੰਡੀ ਦੇ ਹਮਲੇ ਕਾਰਨ ਬੂਟੇ ਦੇ ਪੱਤਿਆਂ ਤੇ ਚਿੱਟੀਆਂ ਧਾਰੀਆਂ ਪੈ ਜਾਂਦੀਆਂ ਹਨ। ਜੇਕਰ 10% ਤੋਂ ਵਧੇਰੇ ਹਮਲਾ ਨਜ਼ਰ ਆਵੇ ਤਾਂ ਉਪਰ ਦੱਸੇ ਕੀਟਨਾਸ਼ਕਾਂ ਨੂੰ 100 ਲਿਟਰ ਪਾਣੀ ਵਿੱਚ ਪ੍ਰਤੀ ਏਕੜ ਦੇ ਹਿਸਾਬ ਵਰਤੋ। ਅਗੇਤੀ ਬੀਜੀ ਗਈ ਫਸਲ ਤੇ ਝੁਲਸ ਰੋਗ ਹੋ ਸਕਦਾ ਹੈ। ਜੇਕਰ ਇਸ ਦਾ ਹਮਲਾ ਹੋ ਜਾਵੇ ਤਾਂ ਸਾਰਾ ਬੂਟਾ ਮਰ ਸਕਦਾ ਹੈ। ਇਸ ਦੀ ਰੋਕਥਾਮ ਲਈ ਨਾਈਟ੍ਰੋਜਨ ਦੀ ਜ਼ਿਆਦਾ ਵਰਤੋਂ ਨਾ ਕਰੋ ਅਤੇ ਜ਼ਿਆਦਾ ਪਾਣੀ ਵੀ ਨਾ ਦਿਓ।

**ਨਰਮਾ/ਕਪਾਹ** : ਨਰਮੇ/ਕਪਾਹ ਦੀ ਫਸਲ ਖੜ੍ਹੇ ਪਾਣੀ ਨੂੰ ਨਹੀਂ ਝੱਲਦੀ ਇਸ ਲਈ ਬਰਸਾਤ ਦੇ ਮੌਸਮ ਵਿਚ ਨਰਮੇ/ਕਪਾਹ ਦੇ ਖੇਤਾਂ 'ਚੋਂ ਫਾਲਤੂ ਪਾਣੀ ਬਾਹਰ ਕੱਢ ਦਿਓ। ਕਪਾਹ ਵਿਰਲੀ ਕਰਨ ਵੇਲੇ ਕਪਾਹ ਵਿਰਲੀ ਕਰਨ ਵੇਲੇ ਨਾਈਟ੍ਰੋਜਨ ਦੀ ਅੱਧੀ ਖੁਰਾਕ ਪਾਉ। ਨਾਈਟ੍ਰੋਜਨ ਖਾਦ ਦੀ ਸੁਚੱਜੀ ਵਰਤੋਂ ਲਈ ਪੀ ਏ ਯੂ-ਪੱਤਾ ਰੰਗ ਚਾਰਟ ਦੀ ਵਰਤੋਂ ਕਰੋ। ਫਸਲ ਦੇ ਵਿਚਕਾਰ ਪਾਂਈ ਥਾਂ ਤੋਂ ਨਦੀਨ ਗਰਾਮੋਕਸੋਨ 24 ਐਸ ਐਲ (ਪੈਰਾਕੁਏਟ) ਦਾ 500 ਮਿਲੀਲਿਟਰ ਜਾਂ 900 ਮਿਲੀਲਿਟਰ ਸਵੀਪ ਪਾਵਰ 13.5 ਐਸ ਐਲ (ਗਲੂਫੋਸੀਨੇਟ ਅਮੋਨੀਅਮ) ਨੂੰ ਪ੍ਰਤੀ ਏਕੜ ਦੇ ਹਿਸਾਬ 100 ਲਿਟਰ ਪਾਣੀ ਵਿਚ ਘੋਲ ਕੇ ਨਦੀਨਾਂ ਉੱਪਰ ਸਿੱਧਾ ਛਿੜਕੋ ਜਦੋਂ ਫਸਲ 6-8 ਹਫਤਿਆਂ ਦੀ ਹੋ ਜਾਵੇ ਅਤੇ 40-45 ਸੈਂਟੀਮੀਟਰ ਉੱਚੀ ਹੋ ਜਾਵੇ। ਨਦੀਨ ਨਾਸ਼ਕ ਜ਼ਹਿਰਾਂ ਉਦੋਂ ਵਰਤੋ ਜਦੋਂ ਹਵਾ ਨਾ ਵਗਦੀ ਹੋਵੇ। ਇਹ ਵੀ ਖਿਆਲ ਰੱਖੋ ਕਿ ਨਦੀਨ ਨਾਸ਼ਕ ਫਸਲ ਦੇ ਪੱਤਿਆਂ ਤੇ ਨਾ ਪਵੇ। ਚਿੱਟੀ ਮੱਖੀ ਲਈ ਨਰਮੇ ਦੀ ਫਸਲ ਅਤੇ ਇਸ ਦੀਆਂ ਬਦਲਵੀਆਂ ਫਸਲਾਂ/ਨਦੀਨਾਂ ਤੇ ਲਗਾਤਾਰ ਸਰਵੇਖਣ ਕਰਦੇ ਰਹੋ। ਜਦੋਂ ਇਨਾਂ ਦੀ ਗਿਣਤੀ ਸਵੇਰੇ 10 ਵਜੇ ਤੋਂ ਪਹਿਲਾਂ 6 ਮੱਖੀਆਂ ਪ੍ਰਤੀ ਪੱਤਾ ਹੋ ਜਾਵੇ ਤਾਂ 200 ਗ੍ਰਾਮ ਕਲਾਸਟੋ 20 ਡਬਲਯੂ ਜੀ ਜਾਂ 400 ਮਿਲੀਲਿਟਰ ਸਫੀਨਾ 50 ਡੀ ਸੀ ਜਾਂ 60 ਗ੍ਰਾਮ ਓਸ਼ੀਨ 20 ਐਸ ਸੀ ਜਾਂ 200 ਗ੍ਰਾਮ ਪੋਲੋ/ਕਰੇਜ/ਰੂਬੀ/ਲੂਡੋ/ਸ਼ੋਕੂ 50 ਡਬਲਯੂ ਪੀ ਜਾਂ 500 ਮਿਲੀਲਿਟਰ ਲੈਨੋ/ਡੈਟਾ 10 ਈਸੀ ਜਾਂ 200 ਮਿਲੀਲਿਟਰ ਉਬੇਰਾਨ/ਵੈਲਟੇਜ਼ 22.9 ਐਸ ਸੀ ਜਾਂ 80 ਗ੍ਰਾਮ ਓਲਾਲਾ 50 ਡਬਲਯੂ ਜੀ ਜਾਂ 800 ਮਿਲੀਲਿਟਰ ਫਾਸਮਾਈਟ / ਈ-ਮਾਈਟ / ਵੋਲਥੀਆਨ / ਗੋਲਡ ਮਿਟ 50 ਈ ਸੀ ਜਾਂ 1 ਲਿਟਰ ਨਿੰਬੀਸੀਡੀਨ/ਅਚੂਕ ਜਾਂ 1200 ਮਿਲੀਲਿਟਰ ਪੀ ਏ ਯੂ ਨਿੰਮ ਦੇ ਘੋਲ ਨੂੰ 125-150 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ। ਥਰਿੱਪਸ (ਭੂਰੀ ਜੂੰ) ਦੀ ਰੋਕਥਾਮ ਲਈ 170 ਮਿਲੀਲਿਟਰ ਡੈਲੀਗੇਟ 11.7 ਐਸ ਸੀ ਜਾਂ 500 ਮਿਲੀਲਿਟਰ ਕਿਊਰਾਕਰੋਨ/ਸੈਲਕਰੋਨ 50 ਈ ਸੀ ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕੋ। ਨਰਮੇ ਦੇ ਲੀਫ ਕਰਲ ਵਾਲੇ ਵਾਇਰਸ ਵਾਲੇ ਬੂਟੇ ਸਮੇਂ-ਸਮੇਂ ਸਿਰ ਪੁੱਟ ਕੇ ਦਬਾਉਂਦੇ ਰਹੋ। ਕੰਘੀ ਬੂਟੀ ਤੇ ਪੀਲੀ ਬੂਟੀ ਤੋਂ ਖੇਤਾਂ ਦਾ ਆਲਾ-ਦੁਆਲਾ ਮੁਕਤ ਰੱਖੋ। ਪੱਤਿਆਂ ਤੇ ਉੱਲੀਆਂ ਦੇ ਧੱਬੇ ਅਤੇ ਝੁਲਸ ਰੋਗ ਦਾ ਹਮਲਾ ਸ਼ੁਰੂ ਹੋਣ ਤੇ 200 ਮਿ.ਲਿ. ਐਮੀਸਟਾਰ ਟੌਪ ਨੂੰ 200 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ 15 ਤੋਂ 20 ਦਿਨਾਂ ਦੇ ਵਕਫੇ ਬਾਅਦ ਛਿੜਕੋ। ਪਾਣੀ ਲਾਉਣ ਜਾਂ ਮੀਂਹ ਪਿਛੋਂ ਬੂਟਿਆਂ ਦੇ ਪੱਤੇ ਲੁੜਕ ਜਾਂਦੇ ਹਨ ਤਾਂ 10 ਮਿਲੀਗ੍ਰਾਮ ਕੋਬਾਲਟ ਕਲੋਰਾਈਡ ਪ੍ਰਤੀ ਲਿਟਰ ਪਾਣੀ ਦੇ ਘੋਲ ਦਾ ਛਿੜਕਾਅ ਇਹਨਾਂ ਬੂਟਿਆਂ ਉੱਪਰ ਕਰੋ।

**ਮੱਕੀ** : ਮੱਕੀ ਵਿਚ ਨਦੀਨਾਂ ਦੀ ਰੋਕਥਾਮ ਲਈ ਬਿਜਾਈ ਤੋਂ 10 ਦਿਨਾਂ ਦੇ ਅੰਦਰ-ਅੰਦਰ ਹਲਕੀਆਂ ਜ਼ਮੀਨਾਂ ਵਿਚ ਐਟਰਾਜ਼ੀਨ 50 ਤਾਕਤ 500 ਗ੍ਰਾਮ ਪ੍ਰਤੀ ਏਕੜ ਅਤੇ ਭਾਰੀਆਂ ਜ਼ਮੀਨਾਂ ਵਿਚ 800 ਗ੍ਰਾਮ ਪ੍ਰਤੀ ਏਕੜ ਨੂੰ 200 ਲਿਟਰ ਪਾਣੀ ਨਾਲ ਛਿੜਕਾਅ ਕਰੋ ਜਾਂ ਇਹੀ ਨਦੀਨਨਾਸ਼ਕ 250 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ ਫਸਲ ਦੀਆਂ ਕਤਾਰਾਂ ਤੇ 20 ਸੈਂਟੀਮੀਟਰ ਚੌੜੀ ਪੱਟੀ ਵਿਚ ਛਿੜਕਾਅ ਕਰੋ ਅਤੇ ਕਤਾਰਾਂ ਵਿਚ ਬਾਕੀ ਰਹਿੰਦੀ ਜਗ੍ਹਾ ਦੀ 15-30 ਦਿਨਾਂ ਬਾਅਦ ਗੋਡੀ ਕਰ ਦਿਉ। ਬਿਜਾਈ ਦੇ 20 ਦਿਨਾਂ ਬਾਅਦ 105 ਮਿਲੀਲਿਟਰ ਪ੍ਰਤੀ ਏਕੜ ਲੌਡਿਸ 420 ਐਸ ਸੀ (ਟੈਂਬੋਟਰਾਇਨ) ਦਾ ਛਿੜਕਾਅ 150 ਲਿਟਰ ਪਾਣੀ ਵਿਚ ਘੋਲ ਕੇ ਕਰੋ। ਡੀਲੇ/ਮੋਥੇ ਦੀ ਰੋਕਥਾਮ ਲਈ 400 ਮਿਲੀਲਿਟਰ ਪ੍ਰਤੀ ਏਕੜ 2, 4-ਡੀ ਅਮਾਈਨ ਸਾਲਟ 58 ਐਸ ਐਲ ਬਿਜਾਈ ਤੋਂ 20-25 ਦਿਨਾਂ ਬਾਅਦ 150 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ। ਬਾਰਸ਼ ਦਾ ਪਾਣੀ ਖੇਤ ਵਿਚ ਨਾ ਖੜ੍ਹਾ ਹੋਣ ਦਿਓ ਕਿਉਂਕਿ ਇਹ ਫਸਲ ਜ਼ਿਆਦਾ ਪਾਣੀ ਨਹੀਂ ਸਹਾਰ ਸਕਦੀ। ਇਸ ਨਾਲ ਤਣਾ ਗਲਣ ਦੇ ਰੋਗ ਵਿਚ ਵਾਧਾ ਹੁੰਦਾ ਹੈ। ਮੱਕੀ ਨੂੰ ਨਾਈਟਰੋਜਨ ਦੀ ਦੂਜੀ ਕਿਸ਼ਤ (37 ਕਿਲੋ ਜਾਂ 25 ਕਿਲੋ ਪ੍ਰਤੀ ਏਕੜ ਕ੍ਰਮਵਾਰ ਲੰਮਾ ਅਤੇ ਦਰਮਿਆਨਾਂ/ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਨੂੰ) ਫਸਲ ਦੇ ਗੋਡੇ-ਗੋਡੇ ਹੋਣ ਤੱਕ ਪਾਓ। ਬਾਰਾਨੀ ਇਲਾਕਿਆਂ ਵਿੱਚ ਖਾਦਾਂ ਦੀ ਮਿਕਦਾਰ ਜ਼ਮੀਨ ਦੀ ਕਿਸਮ ਅਤੇ ਪਾਣੀ ਸੰਭਾਲਣ ਦੀ ਸ਼ਕਤੀ ਤੇ ਨਿਰਭਰ ਕਰਦੀ ਹੈ। ਭਾਰੀਆਂ ਜ਼ਮੀਨਾਂ ਵਿੱਚ ਪਾਣੀ ਸੰਭਾਲਣ ਦੀ ਸ਼ਕਤੀ ਜ਼ਿਆਦਾ ਹੁੰਦੀ ਹੈ। ਉਹਨਾਂ ਹਾਲਤਾਂ ਵਿੱਚ ਮੱਕੀ ਨੂੰ ਕੁੱਲ 70 ਕਿਲੋ ਯੂਰੀਆ, 35 ਕਿਲੋ ਡੀ ਏ ਪੀ ਜਾਂ 100 ਕਿਲੋ ਸਿੰਗਲ ਸੁਪਰਫਾਸਫੇਟ ਅਤੇ 15 ਕਿਲੋ ਮਿਊਰੇਟ ਆਫ ਪੋਟਾਸ਼ ਪਾਉ। ਬਹੁਤੀਆਂ ਹਲਕੀਆਂ ਜ਼ਮੀਨਾਂ ਵਿੱਚ ਇਹ ਖਾਦਾਂ ਦੀ ਮਿਕਦਾਰ ਅੱਧੀ ਕਰ ਦਿਉ। ਬਾਰਾਨੀ ਮੱਕੀ ਅਤੇ ਅੱਧੀ ਨਾਈਟਰੋਜਨ ਅਤੇ ਸਾਰੀ ਫਾਸਫੋਰਸ ਤੇ ਪੋਟਾਸ਼ ਬਿਜਾਈ ਵੇਲੇ ਡਰਿੱਲ ਕਰ ਦਿਉ ਅਤੇ ਬਾਕੀ ਰਹਿੰਦੀ ਅੱਧੀ ਨਾਈਟਰੋਜਨ ਖਾਦ ਇਕ ਮਹੀਨਾ ਬਾਅਦ ਪਾਉ। ਜੇਕਰ ਮੱਕੀ ਨੂੰ ਰੂੜੀ ਦੀ ਖਾਦ ਪਾਈ ਜਾਵੇ ਤਾਂ ਫਾਸਫੋਰਸ ਅਤੇ ਪੋਟਾਸ਼ ਵਾਲੀਆਂ ਖਾਦਾਂ ਦੀ ਕੋਈ ਲੋੜ ਨਹੀਂ। ਮੱਕੀ ਦੇ ਗੜੂੰਏ ਦੀ



ਬਾਕੀ ਸਫਾ 10 'ਤੇ

# ਬਰਸਾਤ ਰੁੱਤ ਦੀਆਂ ਸਬਜ਼ੀਆਂ ਦੀ ਕਾਸ਼ਤ ਲਈ ਜ਼ਰੂਰੀ ਨੁਕਤੇ

**ਨਵਜੋਤ ਸਿੰਘ ਬਰਾੜ, ਸੁਖਵਿੰਦਰ ਸਿੰਘ ਔਲਖ ਅਤੇ ਕੁਲਬੀਰ ਸਿੰਘ, ਸਬਜ਼ੀ ਖੋਜ ਫਾਰਮ, ਖਨੌੜਾ (ਹੁਸ਼ਿਆਰਪੁਰ) (ਮੋ. 94666-13412)**

ਬਰਸਾਤ ਦੌਰਾਨ ਭਾਰੀ ਬਾਰਿਸ਼ ਹੁੰਦੀ ਹੈ ਜਿਸ ਕਾਰਨ ਫਸਲਾਂ ਪਾਣੀ ਵਿਚ ਡੁੱਬ ਜਾਂਦੀਆਂ ਹਨ, ਫਲ ਗਲ ਜਾਂਦੇ ਹਨ ਅਤੇ ਬਹੁਤ ਸਾਰੀਆਂ ਬਿਮਾਰੀਆਂ



ਦੇ ਹਮਲੇ ਹੋਣ ਦਾ ਖਦਸ਼ਾ ਬਣਿਆ ਰਹਿੰਦਾ ਹੈ ਜਿਸ ਨਾਲ ਪੈਦਾਵਾਰ ਘੱਟ ਹੋ ਸਕਦੀ ਹੈ ਅਤੇ ਕਈ ਵਾਰ ਪੂਰੀ ਫਸਲ ਹੀ ਤਬਾਹ ਹੋ ਜਾਂਦੀ ਹੈ। ਇਸ ਸਮੇਂ ਵਿਸ਼ਾਣੂ ਰੋਗ ਦਾ ਹਮਲਾ ਜ਼ਿਆਦਾ ਹੁੰਦਾ ਹੈ, ਤਾਪਮਾਨ ਅਤੇ ਨਮੀ ਵੱਧ ਹੋਣ ਕਰਕੇ ਉੱਲੀ ਵਾਲੀਆਂ ਬਿਮਾਰੀਆਂ ਪੈਦਾ ਹੋਣ ਦੇ ਆਸਾਰ ਹੁੰਦੇ ਹਨ, ਇਸ ਲਈ ਸਬਜ਼ੀਆਂ ਦੀਆਂ ਜੋ ਕਿਸਮਾਂ ਇਹਨਾਂ ਰੋਗਾਂ ਦਾ ਟਾਕਰਾ ਕਰ ਸਕਣ, ਉਹਨਾਂ ਨੂੰ ਹੀ ਬੀਜਣ ਦੀ ਤਰਜੀਹ ਦਿਓ। ਸਬਜ਼ੀਆਂ ਨੂੰ ਉੱਲੀ ਵਾਲੀਆਂ ਬਿਮਾਰੀਆਂ ਤੋਂ ਬਚਾਉਣ ਲਈ ਕਤਾਰਾਂ ਅਤੇ ਬੂਟਿਆਂ ਦਰਮਿਆਨ ਫਾਸਲਾ ਸਿਫਾਰਿਸ਼ ਕੀਤੇ ਅਨੁਸਾਰ ਰੱਖੋ ਤਾਂ ਜੋ ਬੂਟਿਆਂ ਹਵਾ ਦਾ ਅਦਾਨ-ਪ੍ਰਦਾਨ ਹੁੰਦਾ ਰਹੇ। ਬਰਸਾਤ ਦੇ ਮੌਸਮ ਦੀਆਂ ਮੁੱਖ ਸਬਜ਼ੀਆਂ ਅਤੇ ਉਹਨਾਂ ਦੀ ਬਿਜਾਈ ਦੇ ਨੁਕਤੇ ਸਾਰਣੀ ਵਿਚ ਦਿੱਤੇ ਗਏ ਹਨ।

ਬਰਸਾਤ ਦੇ ਮੌਸਮ ਵਿਚ ਖੇਤ ਇਸ ਢੰਗ ਨਾਲ ਤਿਆਰ ਕਰਨੇ ਚਾਹੀਦੇ ਹਨ ਕਿ ਬਾਰਿਸ਼ ਦੌਰਾਨ ਪਾਣੀ ਦੀ ਨਿਕਾਸੀ ਹੋ ਸਕੇ ਅਤੇ ਵਾਧੂ ਪਾਣੀ ਖੇਤ ਵਿਚ ਇਕੱਠਾ ਨਾ ਹੋਵੇ। ਬਰਸਾਤਾਂ ਵਿਚ ਸਬਜ਼ੀਆਂ ਦੀ ਪਨੀਰੀ ਬੀਜ ਕੇ ਫਸਲ ਤਿਆਰ ਕਰਨਾ ਜ਼ਿਆਦਾ ਲਾਹੇਵੰਦ ਅਤੇ ਕਾਮਯਾਬ ਰਹਿੰਦਾ ਹੈ। ਭਿੰਡੀ ਅਤੇ ਲੋਬੀਆ ਨੂੰ ਛੱਡ ਕੇ ਸਾਰਣੀ



ਵਿਚ ਦਿੱਤੀਆਂ ਸਾਰੀਆਂ ਸਬਜ਼ੀਆਂ ਪਨੀਰੀ ਬੀਜ ਕੇ ਲਗਾਉਣੀਆਂ ਚਾਹੀਦੀਆਂ ਹਨ। ਪਨੀਰੀ ਲਈ ਬਿਜਾਈ ਦਾ ਢੁੱਕਵਾਂ ਸਮਾਂ ਅੱਧ ਜੂਨ ਦਾ ਹੈ ਅਤੇ ਬਿਜਾਈ 20 ਸੈ.ਮੀ. ਉੱਚੇ ਅਤੇ 1-1.5 ਮੀ. ਚੌੜੇ ਬੈੱਡਾਂ ਉੱਪਰ ਲਾਈਨਾਂ ਵਿਚ ਹੀ ਕਰਨੀ ਚਾਹੀਦੀ ਹੈ ਤਾਂ ਜੋ ਪਨੀਰੀ ਨੂੰ ਹਵਾ ਲਗਦੀ ਰਹੇ। ਬਿਜਾਈ ਤੋਂ ਪਹਿਲਾਂ ਇਕ ਕਿਲੋ ਬੀਜ ਨੂੰ 2-3 ਗ੍ਰਾਮ ਉੱਲੀਨਾਸ਼ਕ (ਕੈਪਟਾਨ ਜਾਂ ਥੀਰਮ) ਨਾਲ ਸੋਧ ਲੈਣਾ ਚਾਹੀਦਾ ਹੈ ਅਤੇ ਬਿਜਾਈ ਤੋਂ ਤੁਰੰਤ ਬਾਅਦ ਫੁਹਾਰੇ ਨਾਲ ਸਿੰਚਾਈ ਕਰ ਦੇਣੀ ਚਾਹੀਦੀ ਹੈ। ਦੁਪਹਿਰ ਵੇਲੇ ਵੱਧ ਤਾਪਮਾਨ ਤੋਂ ਬਚਾਅ ਲਈ ਕਿਆਰੀਆਂ ਨੂੰ 1.5 ਮੀਟਰ ਉੱਚੇ ਸਰਕੰਡੇ ਜਾਂ ਸ਼ੇਡਨੈੱਟ ਲਗਾ ਕੇ ਇਕ ਮਹੀਨੇ ਤੱਕ ਢੱਕ ਕੇ ਰੱਖੋ। ਪਨੀਰੀ 4-8 ਹਫਤਿਆਂ ਵਿਚ ਤਿਆਰ ਹੋ ਜਾਂਦੀ ਹੈ। ਪਨੀਰੀ ਲਾਉਣ ਤੋਂ



ਤੁਰੰਤ ਬਾਅਦ ਖੇਤ ਨੂੰ ਪਾਣੀ ਲਾਓ ਅਤੇ ਬਾਅਦ ਵਿਚ ਲੋੜ ਮੁਤਾਬਕ ਪਾਣੀ ਦਿਓ। ਬਰਸਾਤਾਂ ਵਿਚ ਨਦੀਨਾਂ ਦੀ ਬਹੁਤ ਸਮੱਸਿਆ ਆਉਂਦੀ ਹੈ। ਇਸ ਲਈ ਸਮੇਂ ਸਿਰ ਗੋਡੀ ਕਰ ਕੇ ਨਦੀਨਾਂ ਉੱਪਰ ਕਾਬੂ ਪਾਉਣਾ ਜ਼ਰੂਰੀ ਹੈ। ਬਰਸਾਤ ਦੇ ਮੌਸਮ ਵਿਚ ਸਬਜ਼ੀਆਂ ਅਕਸਰ ਕੀੜੇ, ਬਿਮਾਰੀ ਜਾਂ ਮੌਸਮੀ ਮਾਰ ਕਾਰਨ ਗਲ ਕੇ ਖਰਾਬ ਹੋ ਜਾਂਦੀਆਂ ਹਨ ਅਤੇ ਕਈ ਵਾਰ ਚੰਗੇ ਮੰਡੀਕਰਨ ਯੋਗ ਨਹੀਂ ਰਹਿੰਦੀਆਂ, ਇਸ ਲਈ ਬਾਂਸ ਜਾਂ ਕੋਈ ਹੋਰ ਢਾਂਚਾ ਬਣਾ ਕੇ ਵੇਲਾਂ ਜਾਲ ਉੱਪਰ ਚੜ੍ਹਾਉਣ ਨਾਲ ਸਬਜ਼ੀ ਦੇ ਝਾੜ ਅਤੇ ਮਿਆਰ ਦੋਵਾਂ ਵਿੱਚ ਵਾਧਾ ਹੁੰਦਾ ਹੈ।

ਸਾਰਣੀ : ਬਰਸਾਤ ਰੁੱਤ ਦੀਆਂ ਮੁੱਖ ਸਬਜ਼ੀਆਂ ਅਤੇ ਉਹਨਾਂ ਦੀ ਕਾਸ਼ਤ ਲਈ ਜ਼ਰੂਰੀ ਨੁਕਤੇ

| ਸਬਜ਼ੀ | ਕਿਸਮ | ਫਾਸਲਾ (ਕਤਾਰਾਂ×ਬੂਟੇ) | ਬੀਜ ਦੀ ਮਾਤਰਾ | ਬਿਜਾਈ ਦਾ ਸਮਾਂ |
|---|---|---|---|---|
| ਹਲਵਾ ਕੱਦੂ | ਪੰਜਾਬ ਨਵਾਬ | 2.5 ਮੀ.×60 ਸੈਮੀ. | 1.0-1.5 ਕਿਲੋ | ਜੂਨ-ਜੁਲਾਈ |
| ਘੀਆ ਕੱਦੂ | ਪੰਜਾਬ ਬਰਕਤ, ਪੰਜਾਬ ਕੋਮਲ | 2.5 ਮੀ.×60 ਸੈਮੀ. | 2.0 ਕਿਲੋ | ਜੂਨ-ਜੁਲਾਈ |
| ਕਰੇਲਾ | ਪੰਜਾਬ-14, ਪੰਜਾਬ ਕਰੇਲਾ-15 | 1.5 ਮੀ.×45 ਸੈਮੀ. | 2.0 ਕਿਲੋ | ਜੂਨ-ਜੁਲਾਈ |
| ਕਾਲੀ ਤੋਰੀ | ਪੰਜਾਬ ਨਿਖਾਰ | 3.0 ਮੀ.×90 ਸੈਮੀ. | 2.0 ਕਿਲੋ | ਅੱਧ ਮਈ-ਜੁਲਾਈ |
| ਪੇਠਾ | ਪੀ ਏ ਜੀ-3 | 3.0 ਮੀ.×90 ਸੈਮੀ. | 2.0 ਕਿਲੋ | ਜੂਨ-ਜੁਲਾਈ |
| ਟੀਂਡਾ | ਪੰਜਾਬ ਟੀਂਡਾ 1, ਟੀਂਡਾ 48 | 1.5 ਮੀ.×45 ਸੈਮੀ. | 1.5 ਕਿਲੋ | ਜੂਨ-ਜੁਲਾਈ |
| ਵੰਗਾ | ਪੰਜਾਬ ਵੰਗਾ ਨੰ.-1, ਪੰਜਾਬ ਤਰਵੰਗਾ-1 | 3.0 ਮੀ.×90 ਸੈਮੀ. | 2.0 ਕਿਲੋ | ਜੂਨ-ਜੁਲਾਈ |
| ਟਮਾਟਰ | ਪੰਜਾਬ ਵਰਖਾ ਬਹਾਰ-1<br>ਪੰਜਾਬ ਵਰਖਾ ਬਹਾਰ-2<br>ਪੰਜਾਬ ਵਰਖਾ ਬਹਾਰ-4 | 1.2-1.5 ਮੀ.× 30 ਸੈਮੀ. | 100 ਗ੍ਰਾਮ | ਪਨੀਰੀ-15-30 ਜੁਲਾਈ<br>ਲਵਾਈ-15-30 ਅਗਸਤ |
| ਬੈਂਗਣ | ਪੰਜਾਬ ਹਿੰਮਤ, ਪੰਜਾਬ ਭਰਪੂਰ, ਪੰਜਾਬ ਰੌਣਕ, ਪੰਜਾਬ ਸਦਾਬਹਾਰ,ਪੀ ਬੀ ਐਚ-3, ਪੀ ਬੀ ਐਚ-4, ਪੀ ਬੀ ਐਚ-5,<br>ਪੀ ਬੀ ਐਚ ਆਰ-41,<br>ਪੀ ਬੀ ਐਚ ਆਰ-42 | 67.5 ਸੈਮੀ.× 30-45 ਸੈਮੀ. | 400 ਗ੍ਰਾਮ | ਪਨੀਰੀ-ਜੁਲਾਈ<br>ਲਵਾਈ-ਅਗਸਤ |
| ਭਿੰਡੀ | ਪੰਜਾਬ-7, ਪੰਜਾਬ-8, ਪੰਜਾਬ ਸੁਹਾਵਨੀ, ਪੰਜਾਬੀ ਲਾਲਿਮਾ | 45-60 ਸੈਮੀ.× 15-20 ਸੈਮੀ. | 4-6 ਕਿਲੋ | ਜੂਨ-ਜੁਲਾਈ |
| ਲੋਬੀਆ | ਕਾਉਪੀਜ਼ 263 | 45 ਸੈਮੀ.×15 ਸੈਮੀ. | 8-10 ਕਿਲੋ | ਜੂਨ-ਜੁਲਾਈ |
| ਸਾਉਣੀ ਦੇ ਪਿਆਜ਼ | ਐਗਰੀਫੌਂਡ ਡਾਰਕ ਰੈੱਡ | 15 ਸੈਮੀ.×7.5 ਸੈਮੀ. | 5 ਕਿਲੋ | ਗੰਢੀਆਂ ਲਈ ਬਿਜਾਈ-ਮਾਰਚ ਅੱਧ, ਪਨੀਰੀ ਲਈ ਬਿਜਾਈ-ਜੂਨ ਅੱਧ |

# ਪਾਣੀ ਲਈ ਹੋਵੇਗਾ ਤੀਸਰਾ ਵਿਸ਼ਵ ਯੁੱਧ



ਵਿਸ਼ਵ ਭਰ 'ਚ ਵਧ ਰਹੇ ਪ੍ਰਦੂਸ਼ਣ, ਗ੍ਰੀਨ ਹਾਊਸ ਗੈਸਾਂ ਦੇ ਪ੍ਰਭਾਵ ਅਤੇ ਹੋਰ ਮਨੁੱਖ ਜਾਤੀ ਦੇ ਹਿੱਤ 'ਚ ਵਾਤਾਵਰਨ ਨਾਲ ਜੁੜੇ ਮੁੱਦਿਆਂ ਬਾਰੇ ਲੋਕਾਂ ਨੂੰ ਜਾਗ੍ਰਿਤ ਕਰਾਉਣ ਲਈ ਹਰ ਸਾਲ 5 ਜੂਨ ਨੂੰ ਵਿਸ਼ਵ ਵਾਤਾਵਰਨ ਦਿਵਸ ਮਨਾਇਆ ਜਾਂਦਾ ਹੈ।

ਇਸ ਆਯੋਜਨ ਦਾ ਮਕਸਦ ਆਪਣੇ ਆਲੇ-ਦੁਆਲੇ ਦੇ ਵਾਤਾਵਰਨ ਸਰਪ੍ਰਸਤੀ ਦੇ ਪ੍ਰਤੀ ਸਮਾਜ 'ਚ ਜਾਗਰੂਕਤਾ ਲਿਆ ਕੇ ਇਸ ਦੀ ਰੱਖਿਆ ਕਰਨਾ ਹੈ। ਪਹਿਲਾ ਵਿਸ਼ਵ ਵਾਤਾਵਰਨ ਦਿਵਸ 1973 'ਚ 'ਸਿਰਫ ਇਕ ਧਰਤੀ' ਵਿਸ਼ੇ ਨਾਲ ਮਨਾਇਆ ਗਿਆ ਸੀ।

ਲੋਕਾਂ ਨੂੰ ਵਾਤਾਵਰਨ ਨਾਲ ਜੁੜੇ ਉਨ੍ਹਾਂ ਮੁੱਦਿਆਂ ਬਾਰੇ ਪਤਾ ਹੋਣਾ ਚਾਹੀਦਾ ਹੈ, ਜੋ ਆਉਣ ਵਾਲੇ ਸਮੇਂ 'ਚ ਇਕ ਵੱਡਾ ਖਤਰਾ ਬਣਨ ਜਾ ਰਹੇ ਹਨ। ਆਉਣ ਵਾਲੀ ਪੀੜੀ ਨੂੰ ਵੱਡੀਆਂ ਸਮੱਸਿਆਵਾਂ ਤੋਂ ਬਚਾਉਣ ਲਈ ਸਮਾਂ ਰਹਿੰਦੇ ਸਖਤ ਕਦਮ ਚੁੱਕਣਾ ਬਹੁਤ ਜ਼ਰੂਰੀ ਹੈ। ਸਭ ਤੋਂ ਪਹਿਲਾ ਕਦਮ ਇਹੀ ਹੋਣਾ ਚਾਹੀਦਾ ਹੈ ਕਿ ਹਰ ਵਿਅਕਤੀ ਵਾਤਾਵਰਨ ਦੀ ਦੇਖਭਾਲ ਨੂੰ ਆਪਣਾ ਫਰਜ਼ ਸਮਝੇ। ਹਰ ਸਾਲ ਵਿਸ਼ਵ ਵਾਤਾਵਰਨ ਦਿਵਸ ਮਨਾਉਣ ਲਈ ਇਕ ਵੱਖਰਾ ਥੀਮ ਚੁਣਿਆ ਜਾਂਦਾ ਹੈ, ਜਿਸ ਦਾ ਵਿਸ਼ਾ ਵਾਤਾਵਰਣੀ ਸਮੱਸਿਆਵਾਂ ਦੇ ਵੱਖ-ਵੱਖ ਪਹਿਲੂਆਂ 'ਤੇ ਧਿਆਨ ਆਕਰਸ਼ਿਤ ਕਰਨ 'ਚ ਮਦਦ ਕਰਦਾ ਹੈ।

ਵਿਸ਼ਵ ਵਾਤਾਵਰਨ ਦਿਵਸ ਵਾਤਾਵਰਨ ਪ੍ਰਤੀ ਜਾਗਰੂਕਤਾ ਵਧਾਉਣ, ਨਿੱਜੀ, ਭਾਈਚਾਰੇ ਅਤੇ ਵਿਸ਼ਵ ਪੱਧਰ 'ਤੇ ਕਾਰਵਾਈ ਨੂੰ ਉਤਸ਼ਾਹਿਤ ਕਰਨ ਲਈ ਮਹੱਤਵਪੂਰਣ ਕਦਮ ਲਈ ਮਨਾਇਆ ਜਾਂਦਾ ਹੈ। ਇਹ ਇਸ ਕੱਲ ਦੀ ਯਾਦ ਦਿਵਾਉਂਦਾ ਹੈ ਕਿ ਅੱਜ ਦੀ ਪੀੜ੍ਹੀ ਨੂੰ ਆਉਣ ਵਾਲੀ ਪੀੜ੍ਹੀ ਲਈ ਵਾਤਾਵਰਣ ਨੂੰ ਸੁਰੱਖਿਅਤ ਅਤੇ ਸਰਪ੍ਰਸਤ ਕਰਨਾ ਕਿੰਨਾ ਅਹਿਮ ਹੈ। ਜਲਵਾਯੂ ਤਬਦੀਲੀ, ਜੰਗਲਾਂ ਦੀ ਕਟਾਈ, ਪ੍ਰਦੂਸ਼ਣ, ਜੈਵ ਵਿਭਿੰਨਤਾ ਦਾ ਵਿਨਾਸ਼ ਉਨ੍ਹਾਂ ਮੁੱਦਿਆਂ 'ਚੋਂ ਇਕ ਹੈ, ਜੋ ਇਹ ਦਿਨ ਸਰਕਾਰਾਂ, ਸੰਗਠਨਾਂ ਅਤੇ ਵਿਅਕਤੀਆਂ ਨੂੰ ਸੰਬੋਧਿਤ ਕਰਨ ਲਈ ਉਤਸ਼ਾਹਿਤ ਕਰਦੇ ਹਨ।

ਅਸੀਂ ਸਾਰੇ ਇਸ ਗੱਲ ਨੂੰ ਜਾਣਦੇ ਹਾਂ ਕਿ ਪਲਾਸਟਿਕ ਦੀ ਵਰਤੋਂ ਇਸ ਸਮੇਂ ਵਾਤਾਵਰਨ ਲਈ ਬਹੁਤ ਹਾਨੀਕਾਰਕ ਹੈ ਅਤੇ ਸਾਨੂੰ ਇਸ ਦੀ ਵਰਤੋਂ ਨੂੰ ਰੋਕਣ 'ਤੇ ਧਿਆਨ ਦੇਣਾ ਚਾਹੀਦਾ ਹੈ। ਪੂਰੀ ਦੁਨੀਆਂ 'ਚ ਵਾਤਾਵਰਣ ਦੀ ਅਣਦੇਖੀ ਦੇ ਗੰਭੀਰ ਨਤੀਜੇ ਸਾਹਮਣੇ ਆ ਰਹੇ ਹਨ। ਵਿਕਾਸ ਦੇ ਨਾਂ 'ਤੇ ਦਰੱਖਤਾਂ ਦੀ ਅੰਨ੍ਹੇਵਾਹ ਕਟਾਈ, ਪਲਾਸਟਿਕ ਦੀ ਵਰਤੋਂ ਅਤੇ ਪਾਣੀ ਦੀ ਬਰਬਾਦੀ ਨੇ ਤਾਪਮਾਨ 'ਚ ਬਹੁਤ ਜ਼ਿਆਦਾ ਵਾਧਾ ਕਰ ਦਿੱਤਾ ਹੈ, ਜੋ ਕਈ ਥਾਵਾਂ 'ਤੇ 55 ਦੇ ਕਰੀਬ ਜਾ ਪਹੁੰਚਿਆ ਹੈ।

ਗਰਮੀ ਕਾਰਨ ਕਈ ਜੀਵ-ਜੰਤੂਆਂ ਦੀ ਨਸਲ ਹੀ ਖਤਮ ਹੋ ਰਹੀ ਹੈ। ਭਿਆਨਕ ਗਰਮੀ ਕਾਰਨ ਪਾਣੀ ਦਾ ਪੱਧਰ ਲਗਾਤਾਰ ਹੇਠਾਂ ਜਾ ਰਿਹਾ ਹੈ। ਜੇਕਰ ਇਸ ਸਮੇਂ ਅਸੀਂ ਨਾ ਜਾਗੇ ਤਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਸ ਦੇ ਗੰਭੀਰ ਨਤੀਜੇ ਭੁਗਤਣੇ ਪੈਣਗੇ। ਕਈ ਵਾਤਾਵਰਣ ਪ੍ਰੇਮੀਆਂ ਦਾ ਦਾਅਵਾ ਹੈ ਕਿ ਜੇਕਰ ਤੀਸਰਾ ਵਿਸ਼ਵ ਯੁੱਧ ਹੋਇਆ ਤਾਂ ਉਸ ਦਾ ਇਕੋ-ਇਕ ਕਾਰਨ ਪਾਣੀ ਹੋਵੇਗਾ।

ਸਾਡੇ ਦੇਸ਼ ਦੀ ਆਬਾਦੀ ਇਸ ਸਮੇਂ ਲਗਭਗ 140 ਕਰੋੜ ਹੈ, ਜਿਸ 'ਚੋਂ ਜੇਕਰ 50 ਫੀਸਦੀ ਲੋਕ ਵੀ ਹਰ ਸਾਲ ਇਕ ਦਰੱਖਤ ਲਗਾ ਕੇ ਉਸ ਨੂੰ ਬੱਚਿਆਂ ਵਾਂਗ ਪਾਲਣ ਤਾਂ ਆਉਣ ਵਾਲੇ ਸਮੇਂ 'ਚ ਇਸ ਤੋਂ ਕਾਫੀ ਹੱਦ ਤੱਕ ਰਾਹਤ ਮਿਲ ਸਕਦੀ ਹੈ। ਇਨ੍ਹਾਂ ਲੋਕ ਸਭਾ ਚੋਣਾਂ 'ਚ ਜਿੱਤ ਕੇ ਬਣੀ ਸਰਕਾਰ ਨੂੰ ਇਕ ਪਾਲਿਸੀ ਬਣਾ ਕੇ ਉਸ ਨੂੰ ਸਖਤੀ ਨਾਲ ਲਾਗੂ ਕਰਨਾ ਚਾਹੀਦਾ ਹੈ। ਸਰਕਾਰ ਜੇਕਰ ਇਹ ਨਿਯਮ ਬਣਾ ਦੇਵੇ ਕਿ ਜੋ ਕੋਈ ਦਰੱਖਤ ਲਗਾ ਕੇ ਉਸ ਦੀ ਦੇਖਭਾਲ ਕਰੇਗਾ, ਉਸ ਨੂੰ ਵਾਧੂ ਸਹੂਲਤਾਂ ਦਿੱਤੀਆਂ ਜਾਣਗੀਆਂ, ਤਾਂ ਇਸ ਦੇ ਚੰਗੇ ਨਤੀਜੇ ਸਾਹਮਣੇ ਆਉਣਗੇ।

ਕਈ ਹਰਿਆਵਲ ਪ੍ਰੇਮੀ ਸੰਸਥਾਵਾਂ ਰਾਸ਼ਟਰੀ ਪੱਧਰ 'ਤੇ ਲੋਕਾਂ ਨੂੰ ਵਾਤਾਵਰਣ ਪ੍ਰਤੀ ਜਾਗਰੂਕ ਕਰ ਰਹੀਆਂ ਹਨ, ਜਿਸ ਦੇ ਚੰਗੇ ਨਤੀਜੇ ਵੀ ਦੇਖਣ ਨੂੰ ਮਿਲ ਰਹੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਦੇਸ਼ ਵਾਸੀਆਂ ਨੂੰ ਸਫਾਈ ਰੱਖਣ, ਵਾਤਾਵਰਨ ਅਤੇ ਵਾਤਾਵਰਣ ਨੂੰ ਬਚਾਉਣ ਲਈ ਜਾਗ੍ਰਿਤ ਕਰਨ ਲਈ ਮੁਹਿੰਮ ਚਲਾਈ ਸੀ।

ਆਓ, ਅਸੀਂ ਸਾਰੇ ਮਿਲ ਕੇ ਵਾਤਾਵਰਣ ਨੂੰ ਬਚਾਉਣ ਲਈ ਪ੍ਰਣ ਕਰੀਏ ਕਿ ਅਸੀਂ ਸਾਰੇ ਮਿਲ ਕੇ ਘੱਟੋ-ਘੱਟ ਹਰ ਸਾਲ ਇਕ ਦਰੱਖਤ ਜ਼ਰੂਰ ਲਗਾਵਾਂਗੇ।

**ਸੁਰੇਸ਼ ਕੁਮਾਰ ਗੋਇਲ, ਬਟਾਲਾ**

-------- ਬਾਕੀ ਸਫਾ 8 ਦੀ --------

# ਜੁਲਾਈ ਮਹੀਨੇ ਦੇ ਖੇਤੀ ਰੁਝੇਵੇਂ

ਰੋਕਥਾਮ ਲਈ 30 ਮਿ. ਲਿ. ਕੋਰਾਜ਼ਨ 18.5 ਐਸ ਸੀ ਨੂੰ 60 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ । ਇਸ ਦੀ ਰੋਕਥਾਮ ਟ੍ਰਾਈਕੋਗਰਾਮਾ ਮਿੱਤਰ ਕੀੜੇ ਨਾਲ ਵੀ ਕੀਤੀ ਜਾ ਸਕਦੀ ਹੈ । ਫਾਲ ਅਰਮੀਵਰਮ ਦੀਆਂ ਛੋਟੀਆਂ ਸੁੰਡੀਆਂ ਪੱਤਿਆਂ ਨੂੰ ਖੁਰਚ ਕੇ ਖਾਂਦੀਆਂ ਹਨ । ਵੱਡੀਆਂ ਸੁੰਡੀਆਂ ਗੋਭ ਨੂੰ ਲੱਗਭਗ ਪੂਰੀ ਤਰ੍ਹਾਂ ਖਾ ਕੇ ਭਾਰੀ ਮਾਤਰਾ ਵਿੱਚ ਵਿੱਠਾਂ ਕਰਦੀਆਂ ਹਨ । ਇਸ ਸੁੰਡੀ ਦੀ ਪਛਾਣ ਇਸ ਦੇ ਸਿਰ ਵਾਲੇ ਪਾਸੇ ਚਿੱਟੇ ਰੰਗ ਦੇ ਅੰਗਰੇਜ਼ੀ ਦੇ ਅੱਖਰ 'Y' ਦੇ ਉਲਟੇ ਨਿਸ਼ਾਨ ਅਤੇ ਪਿਛਲੇ ਸਿਰੇ ਦੇ ਲਾਗੇ ਚੋਰਸਾਕਾਰ ਚਾਰ ਬਿੰਦੂਆਂ ਤੋਂ ਹੁੰਦੀ ਹੈ । ਇਸ ਕੀੜੇ ਦੇ ਵਾਧੇ ਅਤੇ ਫਲਾਅ ਨੂੰ ਸੀਮਿਤ ਕਰਨ ਲਈ ਮੱਕੀ ਦੀ ਬਿਜਾਈ ਨਾਲ ਲਗਦੇ ਖੇਤਾਂ ਵਿੱਚ ਥੋੜ੍ਹੇ ਥੋੜ੍ਹੇ ਵਕਫੇ ਤੇ ਨਾ ਕਰੋ । ਇਸ ਕੀੜੇ ਦੀ ਰੋਕਥਾਮ ਲਈ 0.4 ਮਿਲੀਲਿਟਰ ਕੋਰਾਜ਼ਨ 18.5 ਐੱਸ ਸੀ (ਕਲੋਰਐਂਟਰਾਨਿਲੀਪਰੋਲ) ਜਾਂ 0.5 ਮਿਲੀਲਿਟਰ ਡੈਲੀਗੇਟ 11.7 ਐੱਸ ਸੀ (ਸਪਾਈਨਟੋਰਮ) ਜਾਂ 0.4 ਗ੍ਰਾਮ ਮਿਜ਼ਾਈਲ 5 ਐੱਸ ਜੀ (ਐਮਾਮੈਕਟਿਨ ਬੈਂਜੋਏਟ) ਪ੍ਰਤੀ ਲਿਟਰ ਪਾਣੀ 'ਚ ਘੋਲ ਕੇ ਛਿੜਕਾਅ ਕਰੋ । ਕੀੜੇ ਦੀ ਕਾਰਗਰ ਰੋਕਥਾਮ ਲਈ ਛਿੜਕਾਅ ਮੱਕੀ ਦੀ ਗੋਭ ਵੱਲ ਨੂੰ ਕਰੋ । ਜੇ ਹਮਲਾ ਧੋੜੀਆਂ ਵਿਚ ਹੋਵੇ ਜਾਂ ਫਸਲ 40 ਦਿਨਾਂ ਤੋਂ ਵੱਡੀ ਹੋਵੇ ਅਤੇ ਛਿੜਕਾਅ ਵਿਚ ਮੁਸ਼ਕਿਲ ਹੋਵੇ ਤਾਂ ਮਿੱਟੀ ਅਤੇ ਕੀਟਨਾਸ਼ਕ ਦੇ ਮਿਸ਼ਰਣ (ਲਗਭਗ ਅੱਧਾ ਗ੍ਰਾਮ) ਨੂੰ ਹਮਲੇ ਵਾਲੀਆਂ ਗੋਭਾਂ ਵਿਚ ਪਾ ਕੇ ਫਾਲ ਆਰਮੀਵਰਮ ਦੀ ਰੋਕਥਾਮ ਕੀਤੀ ਜਾ ਸਕਦੀ ਹੈ । ਮਿਸ਼ਰਣ ਬਣਾਉਣ ਲਈ 5 ਮਿਲੀਲਿਟਰ ਕੋਰਾਜ਼ਨ 18.5 ਐੱਸ ਸੀ ਜਾਂ ਡੈਲੀਗੇਟ 11.7 ਐੱਸ ਸੀ ਜਾਂ 5 ਗ੍ਰਾਮ ਮਿਜ਼ਾਈਲ 5 ਐੱਸ ਜੀ ਨੂੰ 10 ਮਿਲੀਲਿਟਰ ਪਾਣੀ ਵਿਚ ਘੋਲ ਕੇ ਇਕ ਕਿਲੋ ਮਿੱਟੀ ਵਿਚ ਚੰਗੀ ਤਰ੍ਹਾਂ ਮਿਲਾਓ । ਮਿਸ਼ਰਣ ਬਣਾਉਣ ਅਤੇ ਪਾਉਣ ਸਮੇਂ ਦਸਤਾਨੇ ਜ਼ਰੂਰ ਪਾਓ ।

**ਕਮਾਦ** : ਜੇਕਰ ਗੰਨੇ ਦੀ ਫਸਲ ਦੇ ਮੁੱਢਾਂ ਤੇ ਮਿੱਟੀ ਚੜ੍ਹਾਉਣ ਦਾ ਕੰਮ ਕਰ ਲਿਆ ਹੈ ਤਾਂ ਠੀਕ ਹੈ ਨਹੀਂ ਤਾਂ ਜੁਲਾਈ ਤੇ ਪਹਿਲੇ ਹਫਤੇ ਕਰ ਦਿਉ । ਜੇਕਰ ਖੇਤਾਂ ਵਿਚ ਜ਼ਿਆਦਾ ਪਾਣੀ ਹੋਵੇ ਤਾਂ ਉਹ ਕੱਢ ਦਿਉ । ਆਗ ਦੇ ਗੜੂੰਏਂ ਦੀ ਰੋਕਥਾਮ ਲਈ 10 ਕਿਲੋ ਫਰਟੇਰਾ 0.4 ਜੀ ਆਰ ਜਾਂ 12 ਕਿਲੋ ਦਾਣੇਦਾਰ ਫੁਰਾਡਾਨ ਜਾਂ ਡਾਇਅਫੁਰਾਨ ਜਾਂ ਫੁਰਾਕਾਰਬ ਜਾਂ ਕਾਰਬੋਸਿਲ ਜਾਂ ਫੂਰੀ 3 ਜੀ (ਕਾਰਬੋਫੂਰਾਨ 3 ਜੀ) ਨੂੰ ਬੂਟਿਆਂ ਦੇ ਮੁੱਢਾਂ ਕੋਲ ਪਾ ਕੇ ਹਲਕੀ ਮਿੱਟੀ ਚੜ੍ਹਾਉਣ ਤੋਂ ਬਾਅਦ ਪਾਣੀ ਲਾਓ ਪਰ ਇਹ ਕੰਮ ਜੁਲਾਈ ਦੇ ਪਹਿਲੇ ਹਫਤੇ ਤੱਕ ਕਰੋ । ਦਾਣੇਦਾਰ ਜ਼ਹਿਰ ਸਿਰਫ ਉਦੋਂ ਹੀ ਪਾਓ ਜਦੋਂ ਹਮਲਾ 5% ਤੋਂ ਜ਼ਿਆਦਾ ਹੋਵੇ । ਟਰਾਈਕੋਕਾਰਡਾਂ ਦੇ ਨਾਲ 10 ਫੈਰੋਮੋਨ ਟਰੈਪ ਪ੍ਰਤੀ ਏਕੜ ਦੀ ਵਰਤੋਂ ਕਰਕੇ ਵੀ ਇਸ ਕੀੜੇ ਦੀ ਰੋਕਥਾਮ ਕੀਤੀ ਜਾ ਸਕਦੀ ਹੈ ।



**ਮੂੰਗਫਲੀ** : ਵਧੀਆ ਝਾੜ ਲੈਣ ਲਈ ਮੋਟੀਆਂ ਗਿਰੀਆਂ ਦੀ ਵਰਤੋਂ ਕਰੋ । ਬਾਰਾਨੀ ਜ਼ਮੀਨਾਂ ਵਿਚ ਜੁਲਾਈ ਦੇ ਪਹਿਲੇ ਹਫਤੇ ਬੀਜੀ ਗਈ ਮੂੰਗਫਲੀ ਦੀ ਫਸਲ ਨੂੰ ਗਿੱਚੀ ਗਲਣ ਦੇ ਰੋਗ ਤੋਂ ਬਚਾਉਣ ਲਈ ਉੱਲੀਨਾਸ਼ਕ ਦਵਾਈ ਨਾਲ ਸੋਧੋ । ਇਕ ਕਿਲੋ ਗਿਰੀਆਂ ਲਈ 2 ਮਿਲੀਲਿਟਰ ਨਿਉਨਿਕਸ 20 ਐਫ ਐਸ (ਇਮਿਡਾਕਲੋਪਰਿਡ 18.5% + ਹੈਕਸਾਕੋਨਾਜ਼ੋਲ 1.5%) ਜਾਂ 1.5 ਗ੍ਰਾਮ ਸੀਡੈਕਸ ਜਾਂ 5 ਗ੍ਰਾਮ ਥੀਰਮ ਜਾਂ 3 ਗ੍ਰਾਮ ਇੰਡੋਫਿਲ ਐਮ-45 ਦੀ ਵਰਤੋਂ ਕਰੋ । ਨਿਉਨਿਕਸ ਨਾਲ ਬੀਜ ਦੀ ਸੋਧ ਕਰਨ ਤੇ ਚਿੱਟੀ ਸੁੰਡੀ ਅਤੇ ਸਿਉਂਕ ਦੀ ਰੋਕਥਾਮ ਹੋ ਜਾਂਦੀ ਹੈ । 13 ਕਿਲੋ ਯੂਰੀਆ, 50 ਕਿਲੋ ਸਿੰਗਲ ਸੁਪਰਫਾਸਫੇਟ ਖਾਦ ਅਤੇ 17 ਕਿਲੋ ਮਿਉਰੇਟ ਆਫ ਪੋਟਾਸ਼ ਪ੍ਰਤੀ ਏਕੜ ਦੇ ਪ੍ਰਤੀ ਏਕੜ ਦੇ ਹਿਸਾਬ ਵਰਤੋਂ । ਜੇਕਰ ਮੂੰਗਫਲੀ ਕਣਕ ਤੋਂ ਬਾਅਦ ਬੀਜੀ ਗਈ ਹੈ ਅਤੇ ਸਿਫਾਰਸ਼ ਕੀਤੀ ਫਾਸਫੋਰਸ ਪਾਈ ਗਈ ਸੀ ਤਾਂ ਸੁਪਰ ਫਾਸਫੇਟ ਨਾ ਪਾਓ । ਜ਼ਿੰਕ ਦੀ ਘਾਟ ਪੂਰੀ ਕਰਨ ਲਈ 25 ਕਿਲੋ ਜ਼ਿੰਕ ਸਲਫੇਟ (21%) ਜਾਂ 16 ਕਿਲੋ ਜ਼ਿੰਕ ਸਲਫੇਟ (33%) ਪ੍ਰਤੀ ਏਕੜ ਪਾਉ ।

**ਦਾਲਾਂ** : ਮਾਂਹ (ਮਾਂਹ-883, ਮਾਂਹ-114, ਮਾਂਹ-338) ਦੀ ਬਿਜਾਈ ਜੁਲਾਈ ਦੇ ਪਹਿਲੇ ਹਫਤੇ ਅਤੇ ਮੂੰਗੀ ਐਮ ਐੱਲ-1808, ਐਮ ਐੱਲ-2056 ਅਤੇ ਐਮ ਐਲ-818 ਕਿਸਮਾਂ ਦੀ ਬਿਜਾਈ ਜੁਲਾਈ ਦੇ ਦੂਜੇ ਪੰਦਰਵਾੜੇ ਵਿੱਚ ਕਰੋ । ਪਿਛੇਤੀ ਬਿਜਾਈ ਕਾਰਨ ਫਸਲ ਦਾ ਝਾੜ ਘਟਦਾ ਹੈ । ਮਾਂਹ/ਮੂੰਗੀ ਜਾਂ ਅਰਹਰ ਵਿੱਚੋਂ ਨਦੀਨ ਮਾਰਨ ਲਈ ਇੱਕ ਜਾਂ ਦੋ ਗੋਡੀਆਂ ਕਰੋ । ਮੂੰਗੀ ਨੂੰ 11 ਕਿਲੋ ਯੂਰੀਆ ਅਤੇ 100 ਕਿਲੋ ਸਿੰਗਲ ਸੁਪਰਫਾਸਫੇਟ ਅਤੇ ਮਾਂਹ ਨੂੰ 11 ਕਿਲੋ ਯੂਰੀਆ ਤੇ 60 ਕਿਲੋ ਸਿੰਗਲ ਸੁਪਰਫਾਸਫੇਟ ਬਿਜਾਈ ਵੇਲੇ ਹੀ ਪਾਉ । ਚੰਗੇ ਝਾੜ ਲਈ ਬੀਜ ਦੀ ਸਿਫਾਰਸ਼ ਕੀਤੇ ਰਾਈਜ਼ੋਬੀਅਮ ਦੇ ਟੀਕੇ ਨਾਲ ਸੋਧ ਲਓ । ਤੰਬਾਕੂ ਦੀ ਸੁੰਡੀ ਦੀ ਰੋਕਥਾਮ ਲਈ ਇਸ ਦੇ ਅੰਡੇ ਅਤੇ ਛੋਟੀਆਂ ਸੁੰਡੀਆਂ ਜੋ ਪੱਤਿਆਂ ਨੂੰ ਝੁੰਡਾਂ ਵਿੱਚ ਖਾਂਦੀਆਂ ਹਨ, ਪੱਤਿਆਂ ਸਮੇਤ ਨਸ਼ਟ ਕਰ ਦਿਓ ।

**ਹਰੇ ਚਾਰੇ** : ਸਉਣੀ ਦੇ ਹਰੇ ਚਾਰੇ ਲਗਾਤਾਰ ਲੈਣ ਲਈ ਕੁਝ ਵਕਫੇ ਤੇ ਚਾਰੇ ਬੀਜਦੇ ਰਹੋ । ਪਿਛੇਤੇ ਚਾਰੇ ਲਈ ਚਰ੍ਹੀ ਦੀ ਬਿਜਾਈ ਕਰੋ । ਜੇਕਰ ਰਵਾਂਹ ਬੀਜ ਲਈ ਬੀਜਣਾ ਹੈ ਤਾਂ ਜੁਲਾਈ ਦੇ ਦੂਸਰੇ ਪੰਦਰਵਾੜੇ ਇਸ ਦੀ ਬਿਜਾਈ ਕਰ ਦਿਉ । ਗੈਰ ਫਲੀਦਾਰ ਚਾਰਾ ਕੱਟ ਕੇ ਫਲੀਦਾਰ ਚਾਰਾ ਜਿਵੇਂ ਕਿ ਗੁਆਰਾ ਜਾਂ ਰਵਾਂਹ ਵਿੱਚ ਰਲਾ ਕੇ ਵਰਤੋ ।

**ਸਬਜ਼ੀਆਂ**

**ਬੈਂਗਣ** : ਇੱਕ ਏਕੜ ਦੀ ਪਨੀਰੀ ਤਿਆਰ ਕਰਨ ਲਈ ਬੈਂਗਣ ਦੀਆਂ ਪੀ ਬੀ ਐਚ ਆਰ-41, ਪੀ ਬੀ ਐਚ ਆਰ-42, ਪੀ ਬੀ ਐਚ-3, ਪੀ ਬੀ ਐਚ ਐਲ-5, ਪੰਜਾਬ ਰੌਣਕ, ਪੰਜਾਬ ਭਰਪੂਰ ਅਤੇ ਪੰਜਾਬ ਹਿੰਮਤ ਹਾਈਬ੍ਰਿਡ ਕਿਸਮਾਂ ਦਾ 300-400 ਗ੍ਰਾਮ ਬੀਜ 10-15 ਸੈ. ਮੀ. ਉੱਚੀਆਂ ਇਕ ਮਰਲੇ ਦੀਆਂ ਕਿਆਰੀਆਂ ਵਿੱਚ ਬੀਜੋ । ਬਿਜਾਈ ਤੋਂ ਪਹਿਲਾਂ ਬੀਜ ਨੂੰ 3 ਗ੍ਰਾਮ ਕੈਪਟਾਨ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧ ਲਉ । ਬੈਂਗਣਾਂ ਵਿੱਚ ਫਲ ਅਤੇ ਸ਼ਾਖਾਂ ਦੇ ਗੜੂੰਏਂ ਦੀ ਰੋਕਥਾਮ ਲਈ 80 ਮਿ.ਲਿ. ਕੋਰਾਜ਼ਨ 18.5 ਐਸ ਸੀ ਜਾਂ 80 ਗ੍ਰਾਮ ਪ੍ਰੋਕਲੇਮ 5 ਐਸ ਜੀ ਨੂੰ 100 ਤੋਂ 125 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ ।



**ਮੂਲੀ** : ਮੂਲੀ ਦੀ ਪੂਸਾ ਚੇਤਕੀ ਕਿਸਮ ਇਸ ਮਹੀਨੇ ਵਿੱਚ ਬਿਜਾਈ ਲਈ ਢੁੱਕਵੀਂ ਹੈ । ਪੂਸਾ ਚੇਤਕੀ ਕਿਸਮ ਦੀ ਮੂਲੀ ਛੋਟੀ ਅਤੇ ਦਰਮਿਆਨੀ ਮੋਟੀ ਚਿੱਟੇ ਰੰਗ ਦੀ ਅਤੇ ਅੱਗੋਂ ਖੁੰਡੀ ਹੁੰਦੀ ਹੈ । ਇਸ ਦੇ ਪੱਤੇ ਛੋਟੇ ਅਤੇ ਪੂਰੇ ਹੁੰਦੇ ਹਨ । 4-5 ਕਿਲੋ ਬੀਜ ਇੱਕ ਏਕੜ ਦੀ ਬਿਜਾਈ ਲਈ ਵਰਤੋ ਅਤੇ ਕਤਾਰਾਂ ਵਿੱਚ 45 ਸੈਂ. ਮੀ. ਅਤੇ ਬੂਟਿਆਂ ਵਿਚਕਾਰ 7.5 ਸੈਂ. ਮੀ. ਫਾਸਲਾ ਰੱਖੋ ।

**ਭਿੰਡੀ** : 4-6 ਕਿਲੋ ਬੀਜ ਪ੍ਰਤੀ ਏਕੜ ਬੀਜੋ ਅਤੇ ਬਿਜਾਈ ਤੋਂ ਪਹਿਲਾਂ ਬੀਜ ਨੂੰ 24 ਘੰਟੇ ਪਾਣੀ ਵਿੱਚ ਭਿਉਂ ਦਿਉ । ਪੰਜਾਬ ਸੁਹਾਵਨੀ ਅਤੇ ਪੰਜਾਬ ਲਾਲੀਮਾ ਕਿਸਮਾਂ ਇਸ ਰੁੱਤ ਲਈ ਢੁੱਕਵੀਂ ਹੈ । 15-20 ਟਨ ਗਲੀ ਸੜੀ ਰੂੜੀ ਅਤੇ 40 ਕਿਲੋ ਯੂਰੀਆ ਪ੍ਰਤੀ ਏਕੜ ਆਮ ਜ਼ਮੀਨਾਂ ਵਿੱਚ ਬਿਜਾਈ ਵੇਲੇ ਪਾਉ । ਯੂਰੀਆ ਦੀ ਦੂਜੀ ਕਿਸ਼ਤ (40 ਕਿਲੋ ਪ੍ਰਤੀ ਏਕੜ) ਪਹਿਲੀ ਤੁੜਾਈ ਉਪਰੰਤ ਪਾਉ ।

**ਰਵਾਂਹ** : ਕਾਉਪੀਜ਼ 263 ਕਿਸਮ ਦਾ 8-10 ਕਿਲੋ ਬੀਜ ਇਕ ਏਕੜ ਦੀ ਬਿਜਾਈ ਲਈ ਕਤਾਰਾਂ ਵਿਚਕਾਰ 45 ਸੈ.ਮੀ. ਅਤੇ ਪੌਦਿਆਂ ਵਿਚਕਾਰ 15 ਸੈ.ਮੀ. ਦੇ ਫਾਸਲੇ ਤੇ ਬੀਜੋ । 45 ਕਿਲੋ ਯੂਰੀਆ, 100 ਕਿਲੋ ਸਿੰਗਲ ਸੁਪਰਫਾਸਫੇਟ ਅਤੇ 16 ਕਿਲੋ ਮਿਉਰੇਟ ਆਫ ਪੋਟਾਸ਼ ਪ੍ਰਤੀ ਏਕੜ ਬਿਜਾਈ ਵੇਲੇ ਪਾਉ ।

**ਕੱਦੂ ਜਾਤੀ ਦੀਆਂ ਸਬਜ਼ੀਆਂ** : ਕੱਦੂ ਜਾਤੀ ਦੀਆਂ ਸਬਜ਼ੀਆਂ ਵਿੱਚ ਘੀਆ ਕੱਦੂ, ਘੀਆ ਤੋਰੀ, ਕਰੇਲਾ ਅਤੇ ਟੀਂਡੇ ਦਾ 2 ਕਿਲੋ ਬੀਜ ਪ੍ਰਤੀ ਏਕੜ ਅਤੇ ਵੰਗੇ ਦਾ 1 ਕਿਲੋ ਪ੍ਰਤੀ ਏਕੜ ਸਿਫਾਰਿਸ਼ ਮੁਤਾਬਿਕ ਬੀਜੋ ।

**ਫੁੱਲ ਗੋਭੀ** : ਫੁੱਲ ਗੋਭੀ ਦੀਆਂ ਅਗੇਤੀਆਂ ਢੁੱਕਵੀਆਂ ਕਿਸਮਾਂ 45×30 ਸੈ. ਮੀ. ਦੇ ਫਾਸਲੇ ਖੇਤ ਵਿੱਚ ਲਾਉ । 40 ਟਨ ਗਲੀ ਸੜੀ ਰੂੜੀ, 55 ਕਿਲੋ ਯੂਰੀਆ, 155 ਕਿਲੋ ਸਿੰਗਲ ਸੁਪਰਫਾਸਫੇਟ ਅਤੇ 40 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਦੇ ਹਿਸਾਬ ਵਰਤੋ । ਯੂਰੀਆ ਦੀ ਦੂਜੀ ਕਿਸ਼ਤ (55 ਕਿਲੋ ਪ੍ਰਤੀ ਏਕੜ) ਲੁਆਈ ਤੋਂ ਚਾਰ ਹਫਤੇ ਬਾਅਦ ਪਾਓ ।

**ਸ਼ਕਰਕੰਦੀ** : ਸ਼ਕਰਕੰਦੀ ਦੀ ਕਿਸਮ ਪੰਜਾਬ ਸ਼ਕਰਕੰਦੀ-21 ਦੀਆਂ ਵੇਲਾਂ ਤੋਂ ਬਣਾਈਆਂ ਹੋਈਆਂ 25000-30000 ਕਟਿੰਗ ਵੱਟਾਂ ਤੇ 60 ਸੈਂ. ਮੀ. ਅਤੇ ਪੌਦਿਆਂ ਵਿਚਕਾਰ 30 ਸੈ. ਮੀ. ਦੇ ਫਾਸਲੇ ਤੇ ਲਾਓ । 10 ਟਨ ਰੂੜੀ ਦੀ ਖਾਦ, 125 ਕਿਲੋ ਕਿਸਾਨ ਖਾਦ, 155 ਕਿਲੋ ਸਿੰਗਲ ਸੁਪਰਫਾਸਫੇਟ ਅਤੇ 35 ਕਿਲੋ ਮਿਉਰੇਟ ਆਫ ਪੋਟਾਸ਼ ਪ੍ਰਤੀ ਏਕੜ ਵਧੀਆ ਫਸਲ ਲੈਣ ਲਈ ਪਾਉ ।

**ਬਾਗਬਾਨੀ :**

1. ਜ਼ਿਆਦਾ ਬਾਰਸ਼ਾਂ ਕਾਰਨ ਕਈਂ ਵਾਰ ਬਾਗਾਂ ਵਿੱਚ ਜ਼ਿਆਦਾ ਪਾਣੀ ਖੜ੍ਹਾ ਹੋ ਸਕਦਾ ਹੈ, ਇਹ ਵਾਧੂ ਪਾਣੀ ਬਾਗਾਂ ਵਿੱਚੋਂ ਬਾਹਰ ਕੱਢ ਦਿਓ । ਕਿਉਂਕਿ ਇਹ ਵਾਧੂ ਖੜ੍ਹਾ ਪਾਣੀ ਬੂਟਿਆਂ ਦਾ ਨੁਕਸਾਨ ਕਰ ਸਕਦਾ ਹੈ ।
2. ਜੁਲਾਈ ਦਾ ਮਹੀਨਾ ਸਦਾਬਹਾਰ ਫਲਦਾਰ ਬੂਟਿਆਂ ਜਿਵੇਂ ਕਿ ਨਿੰਬੂ ਜਾਤੀ, ਅੰਬ, ਲੀਚੀ, ਅਮਰੂਦ, ਲੁਕਾਠ, ਬੇਰ ਅਤੇ ਪਪੀਤੇ ਦੇ ਬਾਗਾਂ ਦੀ ਲਵਾਈ ਲਈ ਢੁੱਕਵਾਂ ਹੈ ।
3. ਖਾਲੀ ਜ਼ਮੀਨ ਤੇ ਅੰਤਰ ਫਸਲਾਂ ਦੀ ਕਾਸ਼ਤ ਅਤੇ ਹਰੀ ਖਾਦ ਲਈ ਸਾਉਣੀ ਦੀਆਂ ਫਲੀਦਾਰ ਫਸਲਾਂ ਜਿਵੇਂ ਕਿ ਮੂੰਗੀ, ਮਾਂਹ, ਜੰਤਰ ਆਦਿ ਬੀਜ ਦਿਓ ।
4. ਨਾਖਾਂ ਦੇ ਫਲਾਂ ਨੂੰ ਬਗੈਰ ਟਾਹਣੀਆਂ ਦੀ ਟੁੱਟ-ਭੱਜ ਦੇ ਤੋੜੋ ।
5. ਬੇਰਾਂ ਦੇ ਪੂਰੇ ਤਿਆਰ ਦਰਖਤਾਂ ਨੂੰ 500 ਗ੍ਰਾਮ ਯੂਰੀਆ ਪ੍ਰਤੀ ਬੂਟਾ ਇਸ ਮਹੀਨੇ ਪਾ ਦਿਓ ।
6. ਕਿੰਨੂ ਵਿੱਚ ਝਾੜ ਅਤੇ ਫਲਾਂ ਦੀ ਗੁਣਵੱਤਾ ਸੁਧਾਰਨ ਲਈ ਪੋਟਾਸ਼ੀਅਮ ਨਾਈਟ੍ਰੇਟ (1.0 ਪ੍ਰਤੀਸ਼ਤ) ਦਾ ਛਿੜਕਾਅ ਕਰੋ (1.0 ਕਿੱਲੋ ਪ੍ਰਤੀ 100 ਲਿਟਰ ਪਾਣੀ) ।
7. ਚੂਨੇ ਦੀ ਕਲੀ ਤਨੇ ਦੁਆਲੇ ਦੂਸਰੀ ਵਾਰ ਫੇਰ ਦਿਓ ਕਿਉਂਕਿ ਅਜਿਹਾ ਕਰਨ ਨਾਲ ਤਣਾ ਗਰਮੀ ਤੋਂ ਬਚਿਆ ਰਹੇਗਾ ।
8. ਨਿੰਬੂ ਜਾਤੀ ਦੇ ਕੀੜਿਆਂ ਦੀ ਰੋਕਥਾਮ ਲਈ 200 ਮਿ.ਲਿ ਕਰੋਕੋਡਾਇਲ/ਕੰਨਫੀਡੋਰ 17.8 ਐਸ ਐਸ (ਇਮੀਡਾਕਲੋਪਰਿਡ) ਜਾਂ 160 ਗ੍ਰਾਮ ਐਕਟਾਰਾ (ਥਾਇਆਮੈਥਾਕਸਮ) ਜਾਂ 6.25 ਲਿਟਰ ਮੈਕ ਐਚ ਐਮ ਓ ਨੂੰ 500 ਲਿਟਰ ਪਾਣੀ ਵਿੱਚ ਮਿਲਾ ਕੇ ਛਿੜਕਾਅ ਕਰੋ । ਇਹ ਘੋਲ ਇੱਕ ਏਕੜ ਦੇ ਪੂਰੇ ਤਿਆਰ ਬਾਗ ਲਈ ਕਾਫੀ ਹੈ ।
9. ਨਿੰਬੂ ਅਤੇ ਅੰਗੂਰਾਂ ਵਿੱਚ ਮਿੱਲੀਬੱਗ ਦੀ ਰੋਕਥਾਮ ਲਈ ਸਮੇਂ-ਸਮੇਂ ਤੇ ਪੱਤਿਆਂ ਦੇ ਹੇਠਲੇ ਪਾਸੇ, ਨਰਮ ਟਾਹਣੀਆਂ, ਜ਼ਮੀਨ ਨਾਲ ਛੂੰਹਦੀਆਂ ਟਾਹਣੀਆਂ ਅਤੇ ਫਲਾਂ ਦੀ ਜਾਂਚ ਕਰਦੇ ਰਹੋ । ਬਾਗਾਂ ਨੂੰ ਸਾਫ-ਸੁਥਰਾ ਰੱਖਣ ਲਈ ਨਦੀਨਾਂ ਅਤੇ ਘਾਹ ਦੀ ਰੋਕਥਾਮ ਕਰੋ । ਦਰੱਖਤ ਦੀਆਂ ਟਹਿਣੀਆਂ ਦੀ ਕਾਂਟ-ਛਾਂਟ ਇਸ ਢੰਗ ਨਾਲ ਕਰੋ ਕਿ ਉਹ ਜ਼ਮੀਨ ਨੂੰ ਨਾ ਲੱਗਣ । ਹਮਲੇ ਹੇਠ ਆਈਆਂ ਟਹਿਣੀਆਂ ਨੂੰ ਕੱਟ ਕੇ ਨਸ਼ਟ ਕਰ ਦਿਓ । ਬਾਗਾਂ 'ਚੋਂ ਕੀੜੀਆਂ/ਕਾੜਿਆਂ ਦੇ ਭੌਣ ਨਸ਼ਟ ਕਰੋ ।
10. ਨਿੰਬੂ ਜਾਤੀ ਦੇ ਟਾਹਣੀਆਂ ਸੁੱਕਣ ਦੇ ਰੋਗ, ਸਕੈਬ ਅਤੇ ਕੋਹੜ ਰੋਗ ਨੂੰ ਰੋਕਣ ਲਈ ਬੋਰਡੋ ਮਿਸ਼ਰਣ ਦਾ ਛਿੜਕਾਅ 15 ਦਿਨਾਂ ਦੇ ਵਕਫੇ ਤੇ ਕਰੋ ।
11. ਨਿੰਬੂ ਜਾਤੀ ਦੇ ਪੈਰੋਂ ਗਲਣ ਦੇ ਰੋਗ (ਫਾਈਟਪਥੋਰਾ ਰੋਗ) ਦੀ ਰੋਕਥਾਮ ਲਈ ਬੂਟਿਆਂ ਦੀ ਛੱਤਰੀ ਹੇਠ ਜ਼ਮੀਨ ਅਤੇ ਮੁੱਖ ਤਣਿਆਂ ਉੱਪਰ 50 ਮਿਲੀਲਿਟਰ ਸੋਡੀਅਮ ਹਾਈਪੋਕਲੋਰਾਈਟ (5%) ਨੂੰ 10 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਬੂਟਾ ਪਾਇਆ ਜਾ ਸਕਦਾ ਹੈ । ਇਸ ਉਪਚਾਰ ਨੂੰ 2 ਸਾਲ ਲਗਾਤਾਰ ਪਾਉਣ ਤੋਂ ਬਾਅਦ ਮਿੱਟੀ ਪਰਖ ਰਿਪੋਰਟ ਦੇ ਆਧਾਰ ਤੇ ਪਾਓ । ਸੋਡੀਅਮ ਹਾਈਪੋਕਲੋਰਾਈਟ ਦੀ ਸਪਰੇਅ ਤੋਂ ਇਕ ਹਫਤਾ ਬਾਅਦ 100 ਗ੍ਰਾਮ ਟਰਾਈਕੋਡਰਮਾ ਐਸਪੈਰੇਲਮ ਦੀ ਪਾਉਡਰ ਬਾਇਓਫਾਰਮੂਲੇਸ਼ਣ ਨੂੰ 2.5 ਕਿਲੋ ਰੂੜੀ ਨਾਲ ਮਿਲਾ ਕੇ ਬੂਟੇ ਦੇ ਮੁੱਢ ਅਤੇ ਘੇਰੇ ਵਿਚ ਪਾਉਣ ਨਾਲ ਇਸ ਬਿਮਾਰੀ ਦੀ ਰੋਕਥਾਮ ਕੀਤੀ ਜਾ ਸਕਦੀ ਹੈ ।



12. ਅੰਗੂਰਾਂ ਦੇ ਬੂਟਿਆਂ ਨੂੰ ਕੋਹੜ ਦੇ ਰੋਗ ਤੋਂ ਬਚਾਉਣ ਲਈ ਜੁਲਾਈ ਦੇ ਪਹਿਲੇ ਅਤੇ ਅਖੀਰਲੇ ਹਫਤੇ ਵਿੱਚ ਬੋਰਡੋ ਮਿਸ਼ਰਣ (2:2:250) ਦਾ ਛਿੜਕਾਅ 500 ਲਿਟਰ ਪਾਣੀ ਪ੍ਰਤੀ ਏਕੜ ਦੇ ਹਿਸਾਬ ਨਾਲ ਕਰੋ ।
13. ਅਮਰੂਦਾਂ ਵਿੱਚ ਫਲ ਦੀ ਮੱਖੀ ਦੀ ਰੋਕਥਾਮ ਲਈ ਜੁਲਾਈ ਦੇ ਪਹਿਲੇ ਹਫਤੇ ਪੀ ਏ ਯੂ ਫਰੂਟ ਫਲਾਈ ਟਰੈਪ (16 ਟਰੈਪ ਪ੍ਰਤੀ ਏਕੜ) ਲਗਾਉ ਅਤੇ ਲੋੜ ਪੈਣ ਤੇ ਦੁਬਾਰਾ ਲਾਓ । ਬਾਗਾਂ ਵਿੱਚ ਫਲ ਦੀ ਮੱਖੀ ਗ੍ਰਸਤ ਫਲਾਂ ਨੂੰ ਲਗਾਤਾਰ ਇਕੱਠਾ ਕਰਕੇ ਦਬਾਉਂਦੇ ਰਹੋ । ਬਰਸਾਤ ਰੁੱਤ ਦੇ ਅਮਰੂਦਾਂ ਨੂੰ ਫਲ ਦੀ ਮੱਖੀ ਦੇ ਹਮਲੇ ਤੋਂ ਬਚਾਉਣ ਲਈ ਪੂਰੇ ਵੱਡੇ ਪਰ ਸਖਤ ਹਰੇ ਫਲਾਂ ਚਿੱਟੇ ਰੰਗ ਦੇ ਨਾਨ-ਵੂਵਨ ਲਿਫਾਫਿਆਂ ਨਾਲ ਢਕਿਆ ਜਾ ਸਕਦਾ ਹੈ ।



**ਵਣ ਖੇਤੀ** : ਜ਼ਿਆਦਾਤਰ ਦਰੱਖਤ ਜਿਵੇਂ ਕਿ ਸਫੈਦਾ, ਕਿੱਕਰ, ਸੁਬਾਬੁਲ, ਟਾਹਲੀ, ਡੇਕ, ਨਿੰਮ, ਸਾਗਵਾਨ ਆਦਿ ਦੇ ਬੂਟੇ ਬਰਸਾਤੀ ਮੌਸਮ (ਜੁਲਾਈ-ਅਗਸਤ) ਵਿੱਚ ਲਗਾਉਣੇ ਚਾਹੀਦੇ ਹਨ । ਬੂਟੇ ਦੇ ਲਗਾਉਣ ਲਈ ਟੋਏ ਦਾ ਆਕਾਰ 50×50×50 ਸੈਂਟੀਮੀਟਰ ਹੋਵੇ, ਜਿਸ ਵਿਚ ਰੇਹੇ ਦੀ ਗਲੀ ਸੜੀ ਖਾਦ ਅਤੇ ਉੱਪਰਲੀ ਮਿੱਟੀ ਮਿਲਾ ਕੇ ਭਰ ਲੈਣਾ ਚਾਹੀਦਾ ਹੈ । ਲਿਫਾਫਾ ਉਤਾਰ ਕੇ ਬੂਟੇ ਟੋਏ ਦੇ ਵਿਚਕਾਰ ਲਗਾਉ । ਇਹ ਧਿਆਨ ਰੱਖਿਆ ਜਾਵੇ ਕਿ ਲਿਫਾਫਾ ਉਤਾਰਨ ਵੇਲੇ ਮਿੱਟੀ ਦੀ ਗਾਚੀ ਨੂੰ ਨੁਕਸਾਨ ਨਾ ਹੋਵੇ । ਬੂਟਾ ਲਗਾ ਕੇ ਉਸੇ ਵੇਲੇ ਪਾਣੀ ਲਗਾ ਦਿਉ । ਪਹਿਲੇ ਦੋ ਮਹੀਨੇ ਪਾਣੀ ਹਫਤੇ ਵਿਚ ਦੋ ਵਾਰ ਲਗਾਉ । (ਚੱਲਦਾ)



# ਵਿਭਿੰਨਤਾ ਤੇ ਮੁਨਾਫੇ ਲਈ ਲਾਹੇਵੰਦ ਹੈ ਬਾਸਮਤੀ ਤੇ ਸਬਜ਼ੀਆਂ ਦੀ ਕਾਸ਼ਤ

ਥੋੜ੍ਹੇ ਸਮੇਂ 'ਚ ਪੱਕਣ ਵਾਲੀ ਪੀ. ਆਰ.-126 ਕਿਸਮ ਤੋਂ ਇਲਾਵਾ ਝੋਨੇ ਦੀਆਂ ਹੋਰ ਕਿਸਮਾਂ ਦੀਆਂ ਪਨੀਰੀਆਂ ਲਗਭਗ ਲੱਗ ਚੁੱਕੀਆਂ ਹਨ । ਹੁਣ ਬਾਸਮਤੀ ਦੀਆਂ ਥੋੜ੍ਹੇ ਸਮੇਂ 'ਚ ਪੱਕਣ ਵਾਲੀਆਂ ਪੂਸਾ ਬਾਸਮਤੀ-1509 ਅਤੇ ਪੂਸਾ ਬਾਸਮਤੀ-1847 ਕਿਸਮਾਂ ਦੀ ਪਨੀਰੀ ਕਿਸਾਨ ਲਗਾ ਰਹੇ ਹਨ । ਝੋਨੇ ਦੀ ਪੀ.ਆਰ-126 ਕਿਸਮ ਦੀ ਪਨੀਰੀ ਵੀ ਲਗ ਰਹੀ ਹੈ । ਇਨ੍ਹਾਂ ਕਿਸਮਾਂ ਦੀ ਪਨੀਰੀ ਦੀ ਉਮਰ ਲੁਆਈ ਵੇਲੇ 25 ਦਿਨ ਤੋਂ ਵੱਧ ਨਹੀਂ ਹੋਣੀ ਚਾਹੀਦੀ, ਕਿਉਂਕਿ ਇਹ ਪੱਕਣ ਤੋਂ ਥੋੜ੍ਹਾ ਸਮਾਂ 120-125 ਦਿਨ ਦੀ ਲੈਂਦੀਆਂ ਹਨ । ਪੂਸਾ ਬਾਸਮਤੀ-1121, ਪੂਸਾ ਬਾਸਮਤੀ-6 (ਪੂਸਾ-1401) ਅਤੇ ਪੂਸਾ ਬਾਸਮਤੀ-1885 ਤੇ ਪੂਸਾ ਬਾਸਮਤੀ-1886 ਦੀਆਂ ਪਨੀਰੀਆਂ ਲਗਭਗ ਲੱਗ ਚੁੱਕੀਆਂ ਹਨ ।

ਪੰਜਾਬ ਤੇ ਹਰਿਆਣਾ ਦੇ ਉਤਪਾਦਕ ਜ਼ਿਆਦਾਤਰ ਬਾਸਮਤੀ ਦੀਆਂ ਪੂਸਾ ਬਾਸਮਤੀ-1121, ਪੂਸਾ ਬਾਸਮਤੀ-1885 ਤੇ ਪੂਸਾ ਬਾਸਮਤੀ-1509 ਅਤੇ ਪੂਸਾ ਬਾਸਮਤੀ-1847 ਅਤੇ ਝੋਨੇ ਦੀ ਪੀ.ਆਰ-126 ਆਦਿ ਕਿਸਮਾਂ ਨੂੰ ਤਰਜੀਹ ਦੇ ਰਹੇ ਹਨ । ਉਨ੍ਹਾਂ ਨੂੰ ਇਨ੍ਹਾਂ ਕਿਸਮਾਂ ਦੇ ਵਧੇਰੇ ਲਾਹੇਵੰਦ ਰਹਿਣ ਦੀ ਸੰਭਾਵਨਾ ਹੈ । ਪੂਸਾ ਬਾਸਮਤੀ-1121, ਪੂਸਾ ਬਾਸਮਤੀ-1509 ਕਿਸਮਾਂ ਦੀ ਮੰਗ ਤਾਂ ਖਾੜੀ ਦੇ ਮੁਲਕਾਂ ਤੋਂ ਵੀ ਬਹੁਤ ਹੈ । ਇਨ੍ਹਾਂ ਦੀ ਪ੍ਰਤੀ ਏਕੜ ਉਤਪਾਦਕਤਾ ਔਸਤਨ 20 ਕੁਇੰਟਲ ਦੇ ਕਰੀਬ ਹੈ, ਭਾਵੇਂ ਕੁਝ ਕਿਸਾਨ ਪੂਸਾ ਬਾਸਮਤੀ-1509 ਤੇ ਪੂਸਾ ਬਾਸਮਤੀ-1847 ਤੋਂ 25-26 ਕੁਇੰਟਲ ਪ੍ਰਤੀ ਏਕੜ ਪ੍ਰਤੀ ਏਕੜ ਤੱਕ ਝਾੜ ਦੀ ਵੀ ਪ੍ਰਾਪਤੀ ਕਰ ਰਹੇ ਹਨ ।

ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਝੋਨੇ ਅਤੇ ਬਾਸਮਤੀ ਦੀ ਲੁਆਈ ਬਠਿੰਡਾ, ਸ੍ਰੀ ਮੁਕਤਸਰ ਸਾਹਿਬ, ਮਾਨਸਾ, ਫਾਜ਼ਿਲਕਾ, ਫਰੀਦਕੋਟ, ਫਿਰੋਜ਼ਪੁਰ ਅਤੇ ਸਰਹੱਦੀ ਖੇਤਰ ਕੰਡਿਆਲੀ ਤਾਰ ਦੇ ਨਾਲ ਦੇ ਇਲਾਕਿਆਂ 'ਚ 11 ਜੂਨ ਤੋਂ ਅਤੇ ਬਾਕੀ ਦੇ ਇਲਾਕੇ ਜਿਨ੍ਹਾਂ 'ਚ ਮੋਗਾ, ਸੰਗਰੂਰ, ਬਰਨਾਲਾ, ਹੁਸ਼ਿਆਰਪੁਰ, ਸ਼ਹੀਦ ਭਗਤ ਸਿੰਘ ਨਗਰ, ਮਲੇਰਕੋਟਲਾ, ਫਤਹਿਗੜ੍ਹ ਸਾਹਿਬ, ਐਸ. ਬੀ. ਐਸ. ਨਗਰ, ਪਟਿਆਲਾ, ਰੂਪਨਗਰ, ਲੁਧਿਆਣਾ, ਕਪੂਰਥਲਾ, ਅੰਮ੍ਰਿਤਸਰ, ਗੁਰਦਾਸਪੁਰ, ਜਲੰਧਰ, ਤਰਨਤਾਰਨ ਅਤੇ ਪਠਾਨਕੋਟ ਜ਼ਿਲ੍ਹੇ ਸ਼ਾਮਿਲ ਹਨ । ਉਨ੍ਹਾਂ 'ਚ ਝੋਨੇ ਅਤੇ ਬਾਸਮਤੀ ਦੀ ਲੁਆਈ 15 ਜੂਨ ਤੋਂ ਸ਼ੁਰੂ ਕੀਤੀ ਜਾ ਸਕਦੀ ਹੈ । ਬੀਜ ਦੀ ਸੋਧ ਤੋਂ ਇਲਾਵਾ ਬਾਸਮਤੀ ਕਿਸਮਾਂ ਦੀ ਪਨੀਰੀ ਦੀਆਂ ਜੜ੍ਹਾਂ ਨੂੰ ਘੱਟੋ-ਘੱਟ 6 ਘੰਟੇ ਪਾਣੀ ਬਾਵਿਸਟਨ ਅਤੇ ਸਟ੍ਰੈਪਟੋਸਾਇਕਲਿਨ ਦੇ ਘੋਲ 'ਚ ਭਿਉਂ ਲੈਣਾ ਚਾਹੀਦਾ ਹੈ । ਬਾਸਮਤੀ ਕਿਸਮਾਂ ਦੀ ਕਾਸ਼ਤ ਥੱਲੇ ਰਕਬਾ ਵਧਾਉਣਾ ਪੰਜਾਬ ਦੀ ਜ਼ਮੀਨ ਥੱਲੇ ਪਾਣੀ ਦੀ ਸਤਹਿ ਦੇ ਘਟਣ ਨੂੰ ਰੋਕਣ ਲਈ ਇਕੋ-ਇਕ ਵਾਹਿਦ ਹੱਲ ਹੈ । ਹੋਰ ਕੋਈ ਫਸਲ ਜਿਸ ਦੀ ਪਾਣੀ ਦੀ ਲੋੜ ਝੋਨੇ ਜਾਂ ਬਾਸਮਤੀ ਨਾਲੋਂ ਘੱਟ ਹੋਵੇ, ਕਿਸਾਨਾਂ ਨੂੰ ਨਹੀਂ ਭਾਉਂਦੀ, ਕਿਉਂਕਿ ਉਹ ਝੋਨਾ ਜਾਂ ਬਾਸਮਤੀ ਜਿੰਨਾ ਮੁਨਾਫਾ ਨਹੀਂ ਦਿੰਦੀਆਂ । ਕੋਈ ਵੱਡਾ ਰਕਬਾ ਝੋਨੇ ਤੋਂ ਨਿਕਲ ਕੇ ਪੰਜਾਬ ਸਰਕਾਰ ਦੇ ਉਪਰਾਲਿਆਂ ਦੇ ਬਾਵਜੂਦ ਬਾਸਮਤੀ ਤੋਂ ਇਲਾਵਾ ਹੋਰ ਫਸਲਾਂ ਦੀ ਕਾਸ਼ਤ ਥੱਲੇ ਨਹੀਂ ਆਇਆ ਅਤੇ ਨੇੜੇ ਭਵਿੱਖ 'ਚ ਇਸ ਦੀ ਕੋਈ ਸੰਭਾਵਨਾ ਵੀ ਨਜ਼ਰ ਨਹੀਂ ਆਉਂਦੀ ।

ਬਿਨਾਂ ਸ਼ੱਕ ਕਿਸਾਨਾਂ ਨੂੰ ਫਸਲ ਅਤੇ ਕਿਸਮਾਂ ਦੀ ਚੋਣ ਕਰਦਿਆਂ ਮੁਨਾਫੇ ਨੂੰ ਮੁੱਖ ਤੌਰ 'ਤੇ ਵਿਚਾਰਨਾ ਹੁੰਦਾ ਹੈ । ਪਿਛਲੇ ਸਾਲ ਪੂਸਾ ਬਾਸਮਤੀ-1121 ਤੇ ਪੂਸਾ ਬਾਸਮਤੀ-1509 ਦਾ ਭਾਅ ਉਤਪਾਦਕਾਂ ਨੂੰ 4200 ਤੋਂ 4800 ਰੁਪਏ ਕੁਇੰਟਲ ਤੱਕ ਮਿਲਿਆ । ਕਿਸਾਨਾਂ ਨੂੰ ਖਰੀਫ 'ਚ ਕਿਸੇ ਫਸਲ ਤੋਂ ਪਹਿਲਾਂ ਇੰਨਾ ਮੁਨਾਫਾ ਨਹੀਂ ਹੋਇਆ । ਉਨ੍ਹਾਂ ਨੇ ਇਕ ਲੱਖ ਰੁਪਏ ਪ੍ਰਤੀ ਏਕੜ ਤੱਕ ਵੀ ਫਸਲ ਦੀ ਵੱਟਤ ਕੀਤੀ ਹੈ । ਇਸੇ ਕਾਰਨ ਇਸ ਸਾਲ ਉਨ੍ਹਾਂ ਦੀ ਬਾਸਮਤੀ ਥੱਲੇ ਰਕਬਾ ਵਧਾਉਣ ਦੀ ਰੁਚੀ ਜ਼ੋਰ ਪੱਕੜ ਰਹੀ ਹੈ । ਉਨ੍ਹਾਂ ਦੀ ਯੋਜਨਾਬੰਦੀ ਅਨੁਸਾਰ ਤਕਰੀਬਨ 8 ਲੱਖ ਹੈਕਟੇਅਰ ਤੋਂ ਵੱਧ ਰਕਬੇ 'ਤੇ ਬਾਸਮਤੀ ਦੀ ਕਾਸ਼ਤ ਕੀਤੀ ਜਾਵੇਗੀ । ਜਦੋਂ ਕਿ ਪਿਛਲੇ ਸਾਲ 5.96 ਲੱਖ ਹੈਕਟੇਅਰ ਰਕਬੇ 'ਤੇ ਬਾਸਮਤੀ ਬੀਜੀ ਗਈ ਸੀ ਅਤੇ ਪੰਜਾਬ



ਭਗਵਾਨ ਦਾਸ

ਸਰਕਾਰ ਨੇ 7 ਲੱਖ ਹੈਕਟੇਅਰ ਦਾ ਟੀਚਾ ਰੱਖਿਆ ਹੋਇਆ ਹੈ । ਕੁੱਲ ਝੋਨੇ ਦੀ ਕਾਸ਼ਤ ਥੱਲੇ (ਬਾਸਮਤੀ ਸਣੇ) ਪੰਜਾਬ 'ਚ 31 ਲੱਖ ਹੈਕਟੇਅਰ ਰਕਬਾ ਆਉਣ ਦੀ ਸੰਭਾਵਨਾ ਹੈ । ਆਲ ਇੰਡੀਆ ਰਾਈਸ ਐਕਸਪੋਰਟਰਜ਼ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਅਤੇ ਨਾਮਵਰ ਐਕਸਪੋਰਟਰ ਵਿਜੇ ਸੇਤੀਆ ਅਨੁਸਾਰ ਇਸ ਸਾਲ ਵੀ ਕਿਸਾਨਾਂ ਨੂੰ ਬਾਸਮਤੀ ਕਿਸਮਾਂ ਦੀ ਲਾਹੇਵੰਦ ਕੀਮਤ ਮਿਲਣ ਦੀ ਪੂਰੀ ਉਮੀਦ ਬਣੀ ਹੋਈ ਹੈ । ਕਿਸਾਨਾਂ ਦੀ ਸੁਰੱਖਿਆ ਲਈ ਸਰਕਾਰ ਨੂੰ ਕੇਵਲ ਉਹ ਬਾਸਮਤੀ ਕਰਨ ਨੂੰ ਨਿਯਮਬੱਧ ਕਰ ਦੇਣਾ ਚਾਹੀਦਾ ਹੈ, ਜੋ ਉਤਪਾਦਕਾਂ ਤੋਂ 3500-3800 ਰੁਪਏ ਪ੍ਰਤੀ ਕੁਇੰਟਲ ਤੋਂ ਵੱਧ ਭਾਅ 'ਤੇ ਖਰੀਦੀ ਜਾਵੇ ।

ਪਿਛਲੇ ਸਾਲ 46 ਲੱਖ ਟਨ ਬਾਸਮਤੀ ਭਾਰਤ ਤੋਂ ਬਰਾਮਦ ਹੋਈ, ਜਿਸ 'ਚ ਪੰਜਾਬ ਦਾ ਲਗਭਗ 40 ਪ੍ਰਤੀਸ਼ਤ ਯੋਗਦਾਨ ਹੈ । ਤਕਰੀਬਨ ਇੰਨੀ ਹੀ ਬਾਸਮਤੀ ਦੀ ਘਰੇਲੂ ਭਾਰਤ ਦੇ ਅੰਦਰ ਖਪਤ ਹੋਈ । ਬਰਾਮਦ ਕਰਨ ਵਾਲੀ ਅਤੇ ਘਰੇਲੂ ਖਪਤ ਦੀ ਮਿਕਦਾਰ 'ਚ ਇਸ ਸਾਲ ਕੁਝ ਹੋਰ ਇਜ਼ਾਫਾ ਹੋਣ ਦੀ ਸੰਭਾਵਨਾ ਹੈ । ਬਾਸਮਤੀ ਦੇ ਵਿਗਿਆਨੀਆਂ ਅਨੁਸਾਰ ਜੇ ਪੰਜਾਬ 'ਚ 10 ਲੱਖ ਹੈਕਟੇਅਰ ਰਕਬਾ ਬਾਸਮਤੀ ਦੀ ਕਾਸ਼ਤ ਥੱਲੇ ਹੋ ਜਾਵੇ, ਤਾਂ ਵੀ ਕਿਸਾਨਾਂ ਨੂੰ ਲਾਹੇਵੰਦ ਭਾਅ ਮਿਲਦੇ ਰਹਿਣ ਦੀ ਸੰਭਾਵਨਾ ਹੈ । ਜੀ.ਆਈ.ਜ਼ੋਨ 'ਚ ਪੰਜਾਬ, ਹਰਿਆਣਾ ਤੋਂ ਇਲਾਵਾ ਹੋਰ ਸੂਬਿਆਂ ਤੋਂ ਬਾਸਮਤੀ ਦੀ ਪੈਦਾਵਾਰ ਵਧਣ ਦੀ ਗੁੰਜਾਇਸ਼ ਬੜੀ ਘੱਟ ਹੈ । ਬਾਸਮਤੀ ਦੇ ਅੰਤਰਰਾਸ਼ਟਰੀ ਪੱਧਰ ਦੀ ਸ਼ੋਹਰਤ ਦੇ ਬਰੀਡਰ ਅਤੇ ਇੰਡੀਅਨ ਐਗਰੀਕਲਚਰਲ ਰਿਸਰਚ ਇੰਸਟੀਚਿਊਟ ਦੇ ਡਾਇਰੈਕਟਰ ਤੇ ਉਪ ਕੁਲਪਤੀ ਡਾ. ਅਸ਼ੋਕ ਕੁਮਾਰ ਸਿੰਘ ਦਾ ਕਹਿਣਾ ਹੈ ਕਿ ਕਿਸਾਨ ਪੀ. ਬੀ.-1509 ਤੇ ਪੀ. ਬੀ.-1847 ਕਿਸਮਾਂ ਨੂੰ ਅਗੇਤਾ ਨਾ ਲਾਉਣ । ਇਨ੍ਹਾਂ ਕਿਸਮਾਂ ਦੇ ਚਾਵਲ ਦੀ ਗੁਣਵੱਤਾ ਵੀ ਪੀ. ਬੀ.-1121 ਦੇ ਚਾਵਲਾਂ ਤੋਂ ਘੱਟ ਨਹੀਂ । ਜੇ ਕਦੇ-ਕਦੇ ਪੀ. ਬੀ.-1509 ਦੇ ਚਾਵਲ ਦੇ ਟੁੱਟਣ ਦੀ ਸ਼ਿਕਾਇਤ ਆਉਂਦੀ ਹੈ, ਤਾਂ ਉਸ ਦਾ ਆਧਾਰ ਫਸਲ ਦਾ ਅਗੇਤੀ ਲਾਇਆ ਜਾਣਾ ਹੁੰਦਾ ਹੈ ਜਾਂ ਫਿਰ ਇਸ 'ਚ ਹੋਰ ਕਿਸਮਾਂ ਦੇ ਚਾਵਲ ਦੀ ਮਿਲਾਵਟ ਵੀ ਇਕ ਕਾਰਨ ਹੁੰਦਾ ਹੈ । ਇਹ ਬੀਜ ਦੇ ਅਸ਼ੁੱਧ ਹੋ ਜਾਣ ਕਾਰਨ ਵੀ ਹੋ ਸਕਦਾ ਹੈ । ਕਿਸਾਨਾਂ ਵਲੋਂ ਪੀ. ਬੀ.-1509 ਦੀ ਲੁਆਈ 10 ਜੁਲਾਈ ਤੋਂ ਬਾਅਦ ਕਰਨੀ ਬਿਹਤਰ ਹੋਵੇਗੀ ।

ਫਸਲੀ-ਵਿਭਿੰਨਤਾ ਲਈ ਬਾਸਮਤੀ ਬੜੀ ਅਨੁਕੂਲ ਫਸਲ ਹੈ । ਫਲ, ਫੁੱਲ, ਦਾਲਾਂ ਜਾਂ ਸੋਇਆਬੀਨ ਦੀ ਕਾਸ਼ਤ ਆਮ ਕਿਸਾਨ ਨਹੀਂ ਕਰ ਰਹੇ ਸਬਜ਼ੀਆਂ ਦੀ ਕਾਸ਼ਤ ਥੱਲੇ ਕੁਝ ਰਕਬਾ ਵਧਣ ਦੀ ਸੰਭਾਵਨਾ ਜ਼ਰੂਰ ਹੈ । ਕਿਸਾਨਾਂ ਨੂੰ 'ਪੂਸਾ ਹਰਾ ਬੈਂਗਣ' ਜਿਸ ਦਾ ਰੂਪ ਸਬਜ਼ ਰੰਗ ਦਾ ਹੈ, ਬੈਂਗਣ ਦਾ ਔਸਤ ਵਜ਼ਨ 200-210 ਗ੍ਰਾਮ ਹੈ, ਔਸਤ ਝਾੜ 40-45 ਟਨ ਪ੍ਰਤੀ ਹੈਕਟੇਅਰ ਹੈ ਅਤੇ ਦੂਜੀ ਕਿਸਮ 'ਪੂਸਾ ਸਫੈਦ ਬੈਂਗਣ' ਜਿਸ ਦਾ ਰੰਗ ਸਫੈਦ ਹੈ, ਫਲ ਛੋਟਾ ਅਤੇ ਆਕਾਰ ਦਰਮਿਆਨਾ ਹੈ, ਇਕ ਬੈਂਗਣ ਦਾ ਵਜ਼ਨ 50 ਗ੍ਰਾਮ ਹੈ, ਔਸਤ ਝਾੜ 35 ਟਨ ਪ੍ਰਤੀ ਹੈਕਟੇਅਰ ਹੈ, ਇਹ ਦੋਵੇਂ ਕਿਸਮਾਂ ਖਰੀਫ ਦੇ ਮੌਸਮ 'ਚ ਬੀਜਣ ਲਈ ਅਨੁਕੂਲ ਹਨ, ਬੀਜਣੀਆਂ ਚਾਹੀਦੀਆਂ ਹਨ । ਹੈਕਟੇਅਰ ਦੀ ਪਨੀਰੀ ਤਿਆਰ ਕਰਨ ਲਈ ਕੇਵਲ 400-500 ਗ੍ਰਾਮ ਬੀਜ ਲੋੜੀਂਦਾ ਹੈ । ਪੂਸਾ ਹਰਾ ਬੈਂਗਣ 55 ਦਿਨ 'ਚ ਅਤੇ ਸਫੈਦ ਬੈਂਗਣ 50 ਤੋਂ 55 ਦਿਨ 'ਚ ਪੱਕ ਕੇ ਤਿਆਰ ਹੋ ਜਾਂਦਾ ਹੈ । ਇਕ ਹੋਰ ਲਾਹੇਵੰਦ ਫਸਲ ਬੀਜ ਰਹਿਤ ਖੀਰਾ, 'ਪੂਸਾ ਖੀਰਾ 6' ਹੈਠ ਜਿਸ ਦਾ ਗਹਿਰਾ ਰੰਗ ਅਤੇ ਵਧੀਆ ਜ਼ਾਇਕਾ ਹੋਣ ਕਾਰਨ ਖਪਤਕਾਰਾਂ ਦੀ ਪਸੰਦ ਹੈ । ਪੂਸਾ ਖੀਰਾ 6 ਕਿਸਮ ਦੇ ਖੀਰੇ ਦੀ ਕੀਮਤ ਵੀ ਮੰਡੀ 'ਚ ਲਾਹੇਵੰਦ ਮਿਲਦੀ ਹੈ । ਇਸ ਕਿਸਮ ਦੇ ਖੀਰੇ ਦਾ ਔਸਤ ਵਜ਼ਨ 105 ਗ੍ਰਾਮ ਹੈ । ਇਸ ਕਿਸਮ ਨੂੰ ਪੋਲੀ ਹਾਊਸ 'ਚ ਲਗਾਇਆ ਜਾਂਦਾ ਹੈ । ਇਸ ਦੇ ਬੀਜ ਕਾਰਬੈਂਡਾਜ਼ਮ ਨਾਲ ਸੋਧ ਲੈਣਾ ਚਾਹੀਦਾ ਹੈ । ਕਰੇਲੇ ਦੀ 'ਪੂਸਾ ਰਸਦਾਰ' ਕਿਸਮ ਵੀ ਕਿਸਾਨਾਂ ਦੀ ਕਾਸ਼ਤ ਕਰਨ ਲਈ ਲਾਹੇਵੰਦ ਹੈ । ਇਸ ਦੀ ਪਨੀਰੀ 28 ਤੋਂ 32 ਦਿਨ 'ਚ ਤਿਆਰ ਹੋ ਜਾਂਦੀ ਹੈ । ਫਲ 40 ਤੋਂ 45 ਦਿਨ 'ਚ ਪੱਕ ਕੇ ਤਿਆਰ ਮਿਲ ਜਾਂਦਾ ਹੈ । ਸਬਜ਼ੀਆਂ ਦੀ ਕਾਸ਼ਤ 'ਚ ਇਹ ਸਮੱਸਿਆ ਜ਼ਰੂਰ ਹੈ ਕਿ ਆਲੂਆਂ ਤੇ ਪਿਆਜ਼ ਨੂੰ ਛੱਡ ਕੇ ਇਨ੍ਹਾਂ ਨੂੰ ਭੰਡਾਰ ਨਹੀਂ ਕੀਤਾ ਜਾ ਸਕਦਾ । ਇਸ ਲਈ ਪੰਜਾਬ 'ਚ ਇਕੱਲੇ ਆਲੂਆਂ ਦੀ ਕਾਸ਼ਤ ਥੱਲੇ ਸਬਜ਼ੀਆਂ ਦੀ ਕਾਸ਼ਤ ਹੇਠ ਕੁੱਲ ਰਕਬੇ ਦਾ ਤਕਰੀਬਨ ਅੱਧੇ ਤੋਂ ਥੋੜ੍ਹਾ ਜਿਹਾ ਘੱਟ ਰਕਬਾ ਹੈ । ਕਿਸਾਨਾਂ ਨੂੰ ਹਰਾ ਪਿਆਜ਼, 'ਪੂਸਾ ਸੋਨਾ' ਵੀ ਬੀਜਣਾ ਚਾਹੀਦਾ ਹੈ । ਇਸ ਕਿਸਮ ਸਾਰਾ ਸਾਲ ਲਗਾਈ ਜਾ ਸਕਦੀ ਹੈ । ਇਸ ਦੇ ਪੱਤੇ ਸਬਜ਼ ਨੀਲੇ ਰੰਗ ਦੇ ਹੁੰਦੇ ਹਨ । ਖਰੀਫ 'ਚ ਬਾਸਮਤੀ ਤੇ ਸਬਜ਼ੀਆਂ ਦੀ ਕਾਸ਼ਤ ਵਧੇਰੇ ਮੁਨਾਫੇ ਤੇ ਵਿਭਿੰਨਤਾ ਲਈ ਅਨੁਕੂਲ ਹੈ ।

# ਪੰਜਾਬ ਦੇ 138 ਵਿੱਚੋਂ 109 ਬਲਾਕਾਂ ਵਿੱਚ ਧਰਤੀ ਹੇਠਲਾ ਪਾਣੀ ਚਿੰਤਾਜਨਕ ਪੱਧਰ ਤੱਕ ਘਟਿਆ

ਦੇਸ਼ ਦੀ ਹਰੀ ਕ੍ਰਾਂਤੀ ਦੇ ਬਾਨੀ ਕਹੇ ਜਾਣ ਵਾਲੇ ਪੰਜਾਬ ਦੀ ਧਰਤੀ ਵਿੱਚੋਂ ਨਿਰੰਤਰ ਪਾਣੀ ਕੱਢੇ ਜਾਣ ਕਾਰਨ ਪਿਛਲੇ ਚਾਰ ਦਹਾਕਿਆਂ ਤੋਂ ਸੂਬੇ ਦੇ ਧਰਤੀ ਹੇਠਲੇ ਪਾਣੀ ਦਾ ਪੱਧਰ ਚਿੰਤਾਜਨਕ ਪੱਧਰ ਤੱਕ ਘੱਟ ਗਿਆ ਹੈ । ਸਰਕਾਰੀ ਅੰਕੜਿਆਂ ਅਨੁਸਾਰ ਪੰਜਾਬ ਦੇ 138 ਬਲਾਕਾਂ ਵਿੱਚੋਂ 109 ਬਲਾਕਾਂ ਨੂੰ ਧਰਤੀ ਹੇਠਲਾ ਪਾਣੀ ਬਹੁਤਾਤ ਵਿੱਚ ਕੱਢੇ ਜਾਣ ਕਾਰਨ ਜ਼ਿਆਦਾ ਖਪਤ ਕਰਨ ਵਾਲੇ ਬਲਾਕ ਐਲਾਨ ਦਿੱਤਾ ਗਿਆ ਹੈ, ਜਦੋਂਕਿ ਸੂਬੇ ਦੇ ਬਚਦੇ 2 ਬਲਾਕ ਨਾਜ਼ੁਕ, 5 ਬਲਾਕ ਅਰਧ ਨਾਜ਼ੁਕ ਅਤੇ 22 ਬਲਾਕਾਂ ਵਿੱਚ ਧਰਤੀ ਹੇਠਲਾ ਪਾਣੀ ਸੁਰੱਖਿਅਤ ਪਾਇਆ ਗਿਆ ਹੈ । ਹੁਣ ਤੱਕ ਤਾਂ ਇਹ ਅੰਕੜਾ ਹੋਰ ਵੀ ਚਿੰਤਾਜਨਕ ਸਥਿਤੀ ਵੱਲ ਵੱਧ ਰਿਹਾ ਹੈ । ਅੰਕੜਿਆਂ ਅਨੁਸਾਰ ਸਾਲ 1984 ਵਿੱਚ ਸੂਬੇ ਦੇ 118 ਬਲਾਕਾਂ ਵਿੱਚੋਂ 53 ਬਲਾਕਾਂ ਦੇ ਪਾਣੀ ਦੇ ਪੱਧਰ ਨੂੰ ਡਾਰਕ



ਜ਼ੋਨ ਐਲਾਨ ਦਿੱਤਾ ਗਿਆ ਸੀ ਅਤੇ 1980 ਵਿੱਚ ਪੰਜਾਬ ਵਿੱਚ 6 ਲੱਖ ਤੋਂ ਵੱਧ ਟਿਊਬਵੈਲ ਸਨ । ਇਹ ਅੰਕੜਾ ਸਾਲ 2017-18 ਦੌਰਾਨ 14 ਲੱਖ 76 ਹਜ਼ਾਰ ਪਹੁੰਚ ਗਿਆ । ਧਰਤੀ ਹੇਠਲਾ ਪਾਣੀ ਡੂੰਘਾ ਹੋਣ ਪਿੱਛੇ ਵੱਖ-ਵੱਖ ਮਾਹਿਰ ਕਈ ਕਾਰਨ ਮੰਨਦੇ ਹਨ, ਜਿਨ੍ਹਾਂ ਵਿੱਚ ਪਹਿਲਾ ਸੂਬੇ ਵਿੱਚ ਝੋਨਾ ਦੀ ਕਾਸ਼ਤ ਹੇਠਲਾ ਰਕਬਾ ਵਧਣਾ ਤੇ ਪੰਜਾਬ ਪਿਛਲੇ ਚਾਰ ਦਹਾਕਿਆਂ ਦੇ ਅਰਸੇ ਦੌਰਾਨ ਟਿਊਬਵੈਲਾਂ ਦੀ ਗਿਣਤੀ ਦੁੱਗਣੀ ਤੋਂ ਵੀ ਜ਼ਿਆਦਾ ਹੋ ਜਾਣਾ । ਦੂਜਾ, ਸੂਬਾ ਸਰਕਾਰ ਵੱਲੋਂ ਫ਼ਸਲੀ ਵਿਭਿੰਨਤਾਵਾਂ ਦਾ ਫਾਰਮੂਲਾ ਜ਼ਿਆਦਾਤਰ ਕਿਸਾਨਾਂ ਵੱਲੋਂ ਅਪਨਾਏ ਨਾ ਜਾਣ ਕਾਰਨ ਕਿਸਾਨ ਝੋਨੇ ਦੀ ਫ਼ਸਲ ਦੀ ਹੀ ਕਾਸ਼ਤ ਕਰਦੇ ਹਨ । ਤੀਜਾ, ਪੰਜਾਬ ਦੇ ਵਿਰਲੇ ਇਲਾਕਿਆਂ ਵਿੱਚ ਜ਼ਮੀਨ ਦੀ ਸਿੰਚਾਈ ਲਈ ਨਹਿਰੀ ਅਤੇ ਦਰਿਆਵਾਂ ਦੇ ਪਾਣੀ ਦੀ ਪਹੁੰਚ ਹੈ, ਜਿਸ ਕਰਕੇ ਸੂਬੇ ਦੀ ਜ਼ਿਆਦਾਤਰ ਭੂਮੀ ਦੀ ਸਿੰਚਾਈ ਟਿਊਬਵੈਲਾਂ 'ਤੇ ਹੀ ਨਿਰਭਰ ਹੈ । ਚੌਥਾ, ਭਾਰਤ ਅਤੇ ਪੰਜਾਬ ਵਿੱਚ ਵੱਖ-ਵੱਖ ਸਮੇਂ ਦੀਆਂ ਸਰਕਾਰਾਂ ਕਿਸਾਨਾਂ ਨੂੰ ਰਵਾਇਤੀ ਫ਼ਸਲਾਂ ਛੱਡ ਕੇ ਹੋਰ ਫ਼ਸਲਾਂ ਵੱਲ ਆਕਰਸ਼ਿਤ ਕਰਨ ਵਾਲੀਆਂ ਨੀਤੀਆਂ ਬਣਾਉਣ ਵਿੱਚ ਅਸਫਲ ਰਹੀਆਂ । ਪੰਜਵਾਂ, ਸੂਬੇ ਵਿੱਚ ਧਰਤੀ ਹੇਠਲੇ ਪਾਣੀ ਨੂੰ ਦੁਬਾਰਾ ਭਰਨ ਲਈ ਰਿਚਾਰਜ ਖੂਹਾਂ ਦੀ ਘਾਟ ਹੋਣਾ ਹੈ । ਦੂਜੇ ਪਾਸੇ, ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ ਕਿਸਾਨ ਮਲਕੀਤ ਸਿੰਘ, ਬਲਕਾਰ ਸਿੰਘ, ਜਸਵੀਰ ਸਿੰਘ ਤੇ ਜਤਿੰਦਰ ਸਿੰਘ ਨੇ ਇਸ ਸੰਬੰਧੀ ਦੱਸਿਆ ਕਿ ਸੂਬੇ ਦੀ ਧਰਤੀ ਹੇਠਲਾ ਪਾਣੀ ਦਾ ਪੱਧਰ ਘਟਣ ਪਿੱਛੇ ਕੇਵਲ ਕਿਸਾਨ ਹੀ ਜ਼ਿੰਮੇਵਾਰ ਨਹੀਂ, ਉਹ ਤਾਂ ਕੇਵਲ ਸਾਲ ਵਿੱਚ ਤਿੰਨ ਮਹੀਨੇ ਹੀ ਝੋਨੇ ਦੀ ਫ਼ਸਲ ਪਾਲਣ ਲਈ ਜ਼ਿਆਦਾ ਪਾਣੀ ਦੀ ਵਰਤੋਂ ਕਰਦੇ ਹਨ, ਜਦੋਂਕਿ ਸਨਅਤਕਾਰ ਅਤੇ ਫੈਕਟਰੀਆਂ ਸਾਰਾ ਸਾਲ ਪਾਣੀ ਦੀ ਵੱਡੀ ਮਾਤਰਾ ਵਿੱਚ ਵਰਤੋਂ ਕਰਦੀਆਂ ਹਨ । ਜ਼ਿੰਮੀਦਾਰਾਂ ਦਾ ਕਹਿਣਾ ਸੀ ਕਿ ਜੇਕਰ ਸਰਕਾਰ ਹੋਰ ਫ਼ਸਲਾਂ ਦਾ ਮੰਡੀਕਰਨ ਕਰੇ, ਜਿਸ ਤੋਂ ਉਨ੍ਹਾਂ ਨੂੰ ਝੋਨੇ ਦੀ ਫ਼ਸਲ ਜਿੰਨੀ ਆਮਦਨ ਹੋਵੇ ਤਾਂ ਉਹ ਝੋਨਾ ਕਿਉਂ ਲਗਾਉਣ ।

## ਬਹੁਤੇ ਕਿਸਾਨ ਰਵਾਇਤੀ ਢੰਗ ਨਾਲ ਝੋਨਾ ਲਗਾਉਣ ਨੂੰ ਦੇ ਰਹੇ ਨੇ ਤਰਜ਼ੀਹ

ਪੰਜਾਬ ਸਰਕਾਰ ਵੱਲੋਂ ਸਿੱਧੀ ਝੋਨੇ ਦੀ ਬਿਜਾਈ (ਡੀ. ਐਸ. ਆਰ.) ਕਰਨ ਵਾਲੇ ਕਿਸਾਨਾਂ ਨੂੰ 1500 ਰੁਪਏ ਪ੍ਰਤੀ ਏਕੜ ਸਹਾਇਤਾ ਦੇਣ ਦੇ ਐਲਾਨ ਦੇ ਬਾਵਜੂਦ ਸੂਬੇ ਦੇ ਬਹੁਤੇ ਕਿਸਾਨ ਕੱਦੂ ਕਰਕੇ ਝੋਨਾ ਲਗਾਉਣ ਨੂੰ ਤਰਜ਼ੀਹ ਦਿੰਦੇ ਨਜ਼ਰ ਆ ਰਹੇ ਹਨ ।

**ਸਾਡੇ ਸਮਾਜ ਵਿਚ ਵਿਆਹ ਦਾ ਸਮਾਗਮ ਸਭ ਤੋਂ ਮਹੱਤਵਪੂਰਨ ਅਤੇ ਖ਼ੁਸ਼ੀ ਭਰਿਆ ਮੰਨਿਆ ਜਾਂਦਾ ਹੈ ਪਰ ਸਮੇਂ ਦੇ ਬੀਤਣ ਨਾਲ ਇਸ ਵਿਚੋਂ ਅਪਣੱਤ, ਪਿਆਰ ਦਾ ਨਿੱਘ, ਮਿਲਾਪ ਅਲੋਪ ਹੋ ਰਿਹਾ ਹੈ ਤੇ ਇਹ ਇਕ ਰਸਮ ਬਣ ਕੇ ਹੀ ਰਹਿ ਗਿਆ ਹੈ । ਇਸ ਵਿਚ ਕੋਈ ਸ਼ਕ ਨਹੀਂ ਕਿ ਵਿਆਹਾਂ ਵਿਚ ਪਹਿਲਾਂ ਨਾਲੋਂ ਕਿਤੇ ਵੱਧ ਖਰਚ ਕੀਤਾ ਜਾਂਦਾ ਹੈ । ਆਪਣੀ ਸ਼ਾਨ ਦਾ ਵਿਖਾਵਾ ਵੱਧ ਤੋਂ ਵੱਧ ਕੀਤਾ ਜਾਂਦਾ ਹੈ । ਪਰ ਉਸ ਵਿਚ ਰਿਸ਼ਤਿਆਂ ਦੀ ਨਿੱਘ ਕਿਤੇ ਵੀ ਵਿਖਾਈ ਨਹੀਂ ਦਿੰਦੀ ।**



ਡਾ. ਰਣਜੀਤ ਸਿੰਘ

# ਉਦੋਂ ਦੀ ਤੇ ਹੁਣ ਦੀ ਬਰਾਤ

ਪਿਛਲੇ ਦਿਨੀ ਮੇਰੇ ਇਕ ਦੋਸਤ ਦੇ ਮੁੰਡੇ ਦਾ ਵਿਆਹ ਸੀ । ਕਾਰਡ ਦੇ ਨਾਲ ਮਠਿਆਈ ਦਾ ਡੱਬਾ ਵੀ ਸੀ । ਉਸ ਆਖਿਆ ਤੁਸੀਂ ਬਰਾਤ ਨਾਲ ਜ਼ਰੂਰ ਚੱਲਣਾ ਹੈ । ਸਿੱਧੇ ਹੀ ਮੈਰਿਜ ਪੈਲੇਸ ਪੁੱਜ ਜਾਣਾ । ਮੈਂ ਦੱਸੇ ਸਮੇਂ ਤੋਂ ਕੋਈ ਅੱਧਾ ਘੰਟਾ ਪਛੜ ਕੇ ਗਿਆ ਪਰ ਉਥੇ ਜਾ ਕੇ ਵੇਖਿਆ ਕਿ ਪਹਿਲਾਂ ਆਉਣ ਵਾਲਿਆਂ ਵਿਚ ਮੈਂ ਹੀ ਸਾਂ । ਕੋਈ ਵਾਕਫ ਵੀ ਨਜ਼ਰ ਨਹੀਂ ਸੀ ਆ ਰਿਹਾ । ਕੁੜੀ ਵਾਲਿਆਂ ਦੇ ਹੀ ਕੁਝ ਬੰਦੇ ਹਾਜ਼ਰ ਸਨ । ਕੋਈ ਇਕ ਘੰਟੇ ਦੀ ਉਡੀਕ ਪਿਛੋਂ ਪਤਾ ਚੱਲਿਆ ਕਿ ਬਰਾਤ ਪਹੁੰਚ ਗਈ ਹੈ । ਉਠ ਬਰਾਤ ਵਿਚ ਰਲਿਆ । ਮਿਲਣੀਆਂ ਹੋਈਆਂ । ਆਪਣੇ ਦੋਸਤ ਨੂੰ ਲੱਭਿਆ । ਸ਼ਗਨ ਵਾਲਾ ਲਿਫਾਫਾ ਫੜਾਇਆ । ਉਸ ਆਖਿਆ ਅਸੀਂ ਤਾਂ ਅਨੰਦ ਕਾਰਜ ਲਈ ਜਾ ਰਹੇ ਹਾਂ । ਤੁਸੀ ਰੋਟੀ ਖਾ ਕੇ ਹੀ ਜਾਇਓ । ਕੋਸ਼ਿਸ਼ ਕਰਨ ਉਤੇ ਵੀ ਮੈਂ ਮੁੜ ਉਸ ਨੂੰ ਮਿਲ ਨਹੀਂ ਸਕਿਆ । ਰੋਟੀ ਤੋਂ ਪਹਿਲਾਂ ਹੀ ਕਈ ਕੁਝ ਖਾ ਲਿਆ ਸੀ ਪਰ ਫੇਰ ਵੀ ਪਲੇਟ ਚੁੱਕੀ । ਲਾਈਨ ਲੱਗੀ ਹੋਈ ਸੀ । ਇੰਝ ਜਾਪਦਾ ਸੀ ਜਿਵੇਂ ਛੱਤੀ ਪਦਾਰਥ ਪਰੋਸੇ ਗਏ ਹੋਣ । ਸਾਰਾ ਕੁਝ ਥੋਹੜਾ ਥੋਹੜਾ ਪਾਇਆ ਪਲੇਟ ਭਰ ਗਈ । ਕੁਝ ਖਾਧਾ ਤੇ ਬਾਕੀ ਉਵੇਂ ਹੀ ਛੱਡ ਦਿੱਤਾ । ਜੇਕਰ ਕੋਈ ਮੈਨੂੰ ਪੁੱਛਦਾ ਕਿਹੜੀ ਡਿਸ਼ ਵਧੀਆ ਸੀ ਤਾਂ ਮੈਂ ਦੱਸਣ ਦੇ ਕਾਬਿਲ ਨਹੀਂ ਸੀ ਕਿਉਂ ਸਾਰਾ ਕੁਝ ਹੀ ਰਲ ਗਿਆ ਸੀ । ਚੁੱਪ ਕਰਕੇ ਉੱਥੋਂ ਖਿਸਕਣ ਦੀ ਕੀਤੀ ।

ਪੰਜਾਬ ਵਿਚ ਆਏ ਹਰੇ ਇਨਕਲਾਬ ਦਾ ਅਸਰ, ਵਿਦੇਸ਼ਾਂ ਵਿਚ ਗਏ ਹੋਇਆ ਦਾ ਅਸਰ ਜਾਂ ਮੀਡੀਏ ਦਾ ਅਸਰ ਪੰਜਾਬ ਦੇ ਸਮਾਜਿਕ ਜੀਵਨ ਵਿਚ ਪਿਛਲੇ ਤਿੰਨ ਦਹਾਕਿਆਂ ਦੌਰਾਨ ਬੜੀ ਤੇਜ਼ੀ ਨਾਲ ਤਬਦੀਲੀ ਆਈ ਹੈ । ਰਹਿਣ ਸਹਿਣ ਦਾ ਢੰਗ, ਖਾਣ-ਪੀਣ ਦੀਆਂ ਆਦਤਾਂ ਜਾਂ ਸਭਿਆਚਾਰਕ ਰਸਮੋ-ਰਿਵਾਜ ਸਾਰੇ ਹੀ ਤੇਜ਼ੀ ਨਾਲ ਬਦਲ ਗਏ ਹਨ । ਸਮਾਜਿਕ ਜੀਵਨ ਜਿਹੜਾ ਚਾਰ ਕੁ ਦਹਾਕੇ ਪਹਿਲਾਂ ਹੁੰਦਾ ਸੀ ਉਹ ਕਿਤੇ ਵੀ ਨਜ਼ਰ ਨਹੀਂ ਆ ਰਿਹਾ । ਨਵੀਂ ਪੀੜੀ ਲਈ ਉਸ ਸਮੇਂ ਦੀਆਂ ਗੱਲਾਂ ਕਿੱਸੇ ਕਹਾਣੀਆਂ ਵਾਂਗ ਹੀ ਜਾਪਦੀਆਂ ਹਨ । ਸਾਡੇ ਸਮਾਜ ਵਿਚ ਵਿਆਹ ਦਾ ਸਮਾਗਮ ਸਭ ਤੋਂ ਮਹੱਤਵਪੂਰਨ ਅਤੇ ਖ਼ੁਸ਼ੀ ਭਰਿਆ ਮੰਨਿਆ ਜਾਂਦਾ ਹੈ ਪਰ ਸਮੇਂ ਦੇ ਬੀਤਣ ਨਾਲ ਇਸ ਵਿਚੋਂ ਅਪਣੱਤ, ਪਿਆਰ ਦਾ ਨਿੱਘ, ਮਿਲਾਪ ਅਲੋਪ ਹੋ ਰਿਹਾ ਹੈ ਤੇ ਇਹ ਇਕ ਰਸਮ ਬਣ ਕੇ ਹੀ ਰਹਿ ਗਿਆ ਹੈ । ਇਸ ਵਿਚ ਕੋਈ ਸ਼ਕ ਨਹੀਂ ਕਿ ਵਿਆਹਾਂ ਵਿਚ ਪਹਿਲਾਂ ਨਾਲੋਂ ਕਿਤੇ ਵੱਧ ਖਰਚ ਕੀਤਾ ਜਾਂਦਾ ਹੈ । ਆਪਣੀ ਸ਼ਾਨ ਦਾ ਵਿਖਾਵਾ ਵੱਧ ਤੋਂ ਵੱਧ ਕੀਤਾ ਜਾਂਦਾ ਹੈ । ਪਰ ਉਸ ਵਿਚ ਰਿਸ਼ਤਿਆਂ ਦੀ ਨਿੱਘ ਕਿਤੇ ਵੀ ਵਿਖਾਈ ਨਹੀਂ ਦਿੰਦੀ । ਮੇਰਾ ਬਚਪਨ ਪਿੰਡ ਵਿਚ ਬੀਤਿਆ ਹੈ । ਮੈਂ ਵਿਆਹਾਂ ਸਮੇਂ ਦੀ ਖ਼ੁਸ਼ੀ ਅਤੇ ਪਿਆਰ ਦੇ ਨਿੱਘ ਨੂੰ ਅਸੀਂ ਵੇਖਿਆ ਹੀ ਨਹੀਂ ਸਗੋਂ ਉਸ ਨੂੰ ਮਾਣਿਆ ਵੀ ਹੈ । ਪਿੰਡ ਵਿਚ ਜਦੋਂ ਕਿਸੇ ਮੁੰਡੇ ਕੁੜੀ ਦਾ ਵਿਆਹ ਧਰਿਆ ਜਾਂਦਾ ਹੈ ਤਾਂ ਸਾਰੀ ਗਲੀ ਵਿਚ ਖ਼ੁਸ਼ੀ ਦੀ ਲਹਿਰ ਦੌੜ ਜਾਂਦੀ ਸੀ । ਪਿੰਡਾਂ ਵਿਚ ਆਮ ਕਰਕੇ ਇਕ ਗਈ ਜਾਂ ਬੀਹੀ ਵਿਚ ਇਕੋ ਪਰਿਵਾਰਿਕ ਪਿਛੋਕੜ ਦੇ ਪਰਿਵਾਰ ਵਸਦੇ ਹਨ । ਸਾਰਿਆਂ ਨੂੰ ਇੰਝ ਜਾਪਦਾ ਸੀ ਜਿਵੇਂ ਉਨ੍ਹਾਂ ਦੇ ਘਰ ਵਿਆਹ ਧਰਿਆ ਗਿਆ ਹੋਵੇ । ਮੰਗਣੀ ਦੀ ਰਸਮ ਤੋਂ ਲੈ ਕੇ ਡੋਲੀ ਤੁਰਨ ਤੱਕ ਹਰ ਰਸਮ ਪਿੰਡ ਦੀ ਪੰਚਾਇਤ ਭਾਵ ਸਿਆਣਿਆਂ ਅਤੇ ਸ਼ਰੀਕੇ ਦੀ ਹਾਜ਼ਰੀ ਵਿਚ ਪੂਰੀ ਕੀਤੀ ਜਾਂਦੀ ਸੀ । ਮੰਗਣੀ ਦੀ ਰਸਮ ਸਾਦੀ ਪਰ ਪਿਆਰ ਭਰੀ ਹੁੰਦੀ ਸੀ । ਮੁੰਡੇ ਦੀ ਝੋਲੀ ਵਿਚ ਕੁੜੀ ਦਾ ਪਿਓ ਸਵਾ ਰੁਪਿਆ, ਸੱਤ ਛੁਆਰੇ ਤੇ ਕੁਝ ਪਤਾਸ਼ੇ ਜਾਂ ਲੱਡੂ ਪਾਉਂਦਾ ਸੀ । ਹੁਣ ਵਾਂਗ ਵੱਧ ਚੜ੍ਹ ਕੇ ਲੈਣ ਦੇਣ ਨਹੀਂ ਹੁੰਦੇ ਸੀ । ਸ਼ਰੀਕੇ ਦੇ ਲੋੜ ਮੁੰਡੇ ਦੀ ਝੋਲੀ ਵਿਚ ਸ਼ਗਨ ਪਾਉਂਦੇ ਸਨ ਜਿਨ੍ਹਾਂ ਨੂੰ ਨੇਉਂਦਾ ਪਾਉਣਾ ਆਖਿਆ ਜਾਂਦਾ ਸੀ । ਹਰ ਰਿਸ਼ਤੇਦਾਰ ਵੱਲੋਂ ਦਿੱਤੇ ਪੈਸਿਆਂ ਦਾ ਵੇਰਵਾ ਇਕ ਕਾਪੀ ਤੇ ਲਿਖਿਆ ਜਾਂਦਾ ਸੀ ਤਾਂ ਜੋ ਵਾਰੀ ਆਉਣ ਉੱਤੇ ਉਨ੍ਹੇਂ ਹੀ ਪੈਸੇ ਮੋੜੇ ਜਾ ਸਕਣ । ਇਹ ਰਿਵਾਜ਼ ਸ਼ਾਇਦ ਇਕ ਦੂਜੇ ਦੀ ਆਰਥਿਕ ਸਹਾਇਤਾ ਕਰਨ ਲਈ ਹੀ ਪਿਆ ਹੋਵੇਗਾ । ਵਿਆਹ ਸਾਰੇ ਸ਼ਰੀਕੇ ਦੀ ਸਾਂਝੀ ਜ਼ਿੰਮੇਵਾਰੀ ਗਿਣਿਆ ਜਾਂਦਾ ਸੀ । ਮਹੀਨਾ ਪਹਿਲਾਂ ਹੀ ਵਿਆਹ ਦੀ ਤਿਆਰੀ ਸ਼ੁਰੂ ਹੋ ਜਾਂਦੀ ਸੀ । ਉਦੋਂ ਨਵੇਂ ਕੱਪੜੇ ਕੇਵਲ ਵਿਆਹ ਸ਼ਾਦੀ ਦੇ ਮੌਕੇ ਹੀ ਸੁਆਏ ਜਾਂਦੇ ਸਨ । ਕੱਪੜੇ ਖਰੀਦਣ ਦਾ ਕੰਮ ਵੀ ਰਲ ਕੇ ਹੀ ਕੀਤਾ ਜਾਂਦਾ ਸੀ । ਘਰ ਵਿਚ ਬੈਠ ਕੇ ਹੀ ਦਰਜੀ ਟੱਬਰ ਦੇ ਸਾਰੇ ਜੀਆਂ ਦੇ ਕਪੜਿਆਂ ਦੀ ਸਿਲਾਈ ਕਰਦਾ ਸੀ । ਕਣਕ ਦੀ ਸਫਾਈ, ਦਾਲਾਂ ਦੀ ਦਲਾਈ, ਮਸਾਲਿਆਂ ਦਾ ਕੁੱਟਣਾ ਸਾਰੇ ਸ਼ਰੀਕੇ ਦੀਆਂ ਔਰਤਾਂ ਰਲ ਕੇ ਹੀ ਕਰਦੀਆਂ ਹਨ । ਇਥੇ ਹੀ ਉਨ੍ਹਾਂ ਨੂੰ ਸੁਹਾਗ ਦੇ ਗੀਤ ਗਾਉਣ ਦਾ ਮੌਕਾ ਮਿਲ ਜਾਂਦਾ ਸੀ । ਵਟਣਾ ਵੀ ਤਿੰਨ-ਚਾਰ ਦਿਨ ਲੱਗਦਾ ਸੀ । ਘੱਟੋ-ਘੱਟ ਇਕ ਦਿਨ ਵਟਣਾ ਸ਼ਰੀਕੇ ਵਿਚੋਂ ਸਭ ਤੋਂ ਨੇੜਲੇ ਰਿਸ਼ਤੇ ਵਾਲੇ ਘਰ ਲੱਗਦਾ ਸੀ । ਰਾਤ ਨੂੰ ਜਾਗੋ ਕੱਢਦੀਆਂ ਔਰਤਾਂ ਵਟਣਾ ਲੱਗਣ ਪਿਛੋਂ ਕੁੜੀ ਜਾਂ ਮੁੰਡੇ ਨੂੰ ਆਪਣੇ ਘਰ ਲੈ ਕੇ ਆਉਂਦੀਆਂ ਸਨ । ਗਾਉਣ ਅਤੇ ਗਿੱਧੇ ਦਾ ਪ੍ਰੋਗਰਾਮ ਲਗਭਗ ਰੋਜ਼ ਹੀ ਹੁੰਦਾ ਹੈ । ਵਿਆਹ ਤੋਂ ਤਿੰਨ ਦਿਨ ਪਹਿਲਾਂ ਹੀ ਸਾਰੇ ਪਿੰਡ ਵਿਚੋਂ ਹੀ ਦੁੱਧ ਆਉਣਾ ਸ਼ੁਰੂ ਹੋ ਜਾਂਦਾ ਸੀ । ਮੰਜੇ ਬਿਸਤਰੇ ਵੀ ਪਿੰਡੋਂ ਹੀ ਇਕੱਠੇ ਕੀਤੇ ਜਾਂਦੇ ਸਨ । ਵਿਆਹ ਵਾਲਿਆਂ ਦੇ ਰਿਸ਼ਤੇਦਾਰ ਅਤੇ ਬਰਾਤੀ ਸਾਰੇ ਪਿੰਡ ਦੇ ਪ੍ਰਾਹੁਣੇ ਸਮਝੇ ਜਾਂਦੇ ਸਨ । ਇਕ ਦਿਨ ਪਹਿਲਾਂ ਨਾਨਕਾ ਮੇਲਾ ਆਉਂਦਾ ਸੀ । ਨਾਨਕੇ ਵੀ ਸ਼ਰੀਕੇ ਵਿਚੋਂ ਔਰਤਾਂ ਮਰਦ ਇਕੱਠੇ ਹੋ ਕੇ ਆਉਂਦੇ ਸਨ । ਨਾਨਕਾ ਮੇਲ ਗੀਤ ਗਾਉਂਦਿਆਂ ਹੀ ਪਿੰਡ ਵੜਦਾ ਸੀ । ਅੱਗੋਂ ਦਾਦਕਿਆਂ ਵੱਲੋਂ ਵੀ ਔਰਤਾਂ ਦੇ ਗੀਤਾਂ ਨਾਲ ਉਨ੍ਹਾਂ ਦਾ ਸਵਾਗਤ ਕੀਤਾ ਜਾਂਦਾ ਸੀ । ਆਮ ਤੌਰ ਤੇ ਬਰਾਤ ਦੀ ਇਕ ਰੋਟੀ ਨਾਨਕਿਆਂ ਦੀ ਹੁੰਦੀ ਸੀ । ਨਾਨਕੀ ਛੱਕ ਵਿਚ ਜੋ ਆਉਂਦਾ ਸੀ ਉਸ ਨੂੰ ਸਤਿਕਾਰ ਨਾਲ ਵਿਹੜੇ ਵਿਚ ਰੱਖਿਆ ਜਾਂਦਾ ਸੀ ਤਾਂ ਜੋ ਦਾਦਕੇ ਉਸ ਨੂੰ ਵੇਖ ਸਕਣ । ਬਰਾਤ ਆਮ ਕਰਕੇ ਪੈਦਲ ਹੀ ਜਾਂਦੀ ਸੀ । ਬਰਾਤੀਆਂ ਦਾ ਸਮਾਨ ਗੱਡੇ ਉੱਤੇ ਅਤੇ ਵਿਆਹ ਵਾਲਾ ਮੁੰਡਾ ਗੱਡੀ ਵਿਚ ਜਾਂ ਰੱਥ ਵਿਚ ਜਾਂਦੇ ਸਨ । ਜੇਕਰ ਵਾਟ ਲੰਬੀ ਹੁੰਦੀ ਸੀ ਤਾਂ ਰਾਹ ਵਿਚ ਪੈਂਦੇ ਕਿਸੇ ਪਿੰਡ ਵਿਚ ਨਜ਼ਦੀਕੀ ਰਿਸ਼ਤੇਦਾਰ ਬਰਾਤ ਲਈ ਦੁਪਹਿਰ ਦੀ ਰੋਟੀ ਦਾ ਪ੍ਰਬੰਧ ਕਰਦਾ ਸੀ । ਪਿੰਡੋਂ ਬਾਹਰ ਪੁੱਜ ਬਰਾਤ ਵੱਲੋਂ ਪਿੰਡ ਵਿਚ ਜਾਣ ਲਈ ਪਿੰਡੋਂ ਆਉਣ ਵਾਲੇ ਸੱਦੇ ਦੀ ਉਡੀਕ ਕੀਤੀ ਜਾਂਦੀ ਸੀ । ਬਰਾਤ ਦੇ ਸੁਆਗਤ ਦਾ ਪੂਰਾ ਪ੍ਰਬੰਧ ਹੋਣ ਜਾਣ ਉੱਤੇ ਪਿੰਡੋਂ ਨਾਈ ਜਾਂ ਵਿਚੋਲਾ ਬਰਾਤ ਨੂੰ ਸੱਦਣ ਜਾਂਦਾ ਸੀ । ਜੰਜਘਰ ਦੇ ਬਾਹਰ ਪਿੰਡ ਦੀ ਪੰਚਾਇਤ ਅਤੇ ਸਾਰੇ ਰਿਸ਼ਤੇਦਾਰ ਬਰਾਤ ਦਾ ਸੁਆਗਤ ਲਈ ਤਿਆਰ ਖੜੇ ਹੁੰਦੇ ਸਨ । ਔਰਤਾਂ ਵੱਲੋਂ ਸਿੱਠਣੀਆਂ ਦੇ ਵਿਚਕਾਰ ਮਿਲਣੀ ਦੀ ਰਸਮ ਪੂਰੀ ਕੀਤੀ ਜਾਂਦੀ ਸੀ । ਜੰਞ ਘਰ ਵਿਚ ਬਰਾਤ ਦਾ ਉਤਾਰਾ ਹੁੰਦਾ ਸੀ । ਇਥੇ ਹੀ ਉਨ੍ਹਾਂ ਨੂੰ ਚਾਹ ਪਾਣੀ ਪਿਲਾਇਆ ਜਾਂਦਾ ਸੀ । ਬੜੀ ਇੱਜ਼ਤ ਨਾਲ ਬਰਾਤ ਨੂੰ ਰਾਤ ਦੀ ਰੋਟੀ ਲਈ ਬੁਲਾਇਆ ਜਾਂਦਾ ਸੀ । ਪਿੰਡ ਦੀ ਪੰਚਾਇਤ ਅਤੇ ਬਾਕੀ ਰਿਸ਼ਤੇਦਾਰ ਬਰਾਤ ਦਾ ਸੁਆਗਤ ਕਰਦੇ ਸਨ । ਰੋਟੀ ਲਈ ਕੋਰੇ ਵਿਛਾਏ ਜਾਂਦੇ ਸਨ ਜਦੋਂ ਬਰਾਤ ਕੋਰਿਆਂ ਉੱਤੇ ਬੈਠ ਜਾਂਦੀ ਸੀ ਤਾਂ ਉਸ ਦੇ ਹੱਥ ਧੁਆਏ ਜਾਂਦੇ ਸਨ । ਬਰਾਤੀਆਂ ਅੱਗੇ ਥਾਲੀਆਂ -ਗਿਲਾਸ ਕੌਲੀਆਂ ਅਤੇ ਚਮਚੇ ਰੱਖੇ ਜਾਂਦੇ ਸਨ । ਫਿਰ ਖਾਣ-ਪੀਣ ਦੀਆਂ ਵਸਤਾਂ ਵਰਤਾਈਆਂ ਜਾਂਦੀਆਂ ਸਨ । ਜਦੋਂ ਸਾਰਾ ਕੁਝ ਵਰਤ ਜਾਂਦਾ ਸੀ ਫਿਰ ਪੰਚਾਇਤ ਵੱਲੋਂ ਰੋਟੀ ਖਾਣ ਦੀ ਬੇਨਤੀ ਕੀਤੀ ਜਾਂਦੀ ਸੀ । ਪੰਚਾਇਤ ਤੇ ਬਾਕੀ ਰਿਸ਼ਤੇਦਾਰ ਇਕ ਪਾਸੇ ਬੈਠੇ ਰਹਿੰਦੇ ਸਨ । ਬਨੇਰਿਆਂ ਉੱਤੇ ਬੈਠੀਆਂ ਔਰਤਾਂ ਸਿੱਠਣੀਆਂ ਤੇ ਹੋਰ ਗੀਤ ਗਾਉਂਦੀਆਂ ਸਨ । ਜਦੋਂ ਕਦੇ ਉਨ੍ਹਾਂ ਦੇ ਗੀਤ ਹੱਦ ਪਾਰ ਕਰਨ ਲੱਗਦੇ ਸਨ ਤਾਂ ਪੰਚਾਇਤ ਉਨ੍ਹਾਂ ਨੂੰ ਰੋਕ ਦਿੰਦੀ ਸੀ । ਜਦ ਬਰਾਤ ਰੋਟੀ ਖਾ ਹਟਦੀ ਸੀ ਤਾਂ ਮੁੜ ਉਨ੍ਹਾਂ ਨੂੰ ਹੱਥ ਧੁਆਏ ਜਾਂਦੇ ਸਨ । ਜੂਠੇ ਭਾਂਡੇ ਚੁੱਕਣ ਪਿਛੋਂ ਪੰਚਾਇਤ ਬਰਾਤ ਨੂੰ ਉਠਣ ਲਈ ਬੇਨਤੀ ਕਰਦੀ ਸੀ । ਔਰਤਾਂ ਵੀ ਇਸੇ ਤਰ੍ਹਾਂ ਦੇ ਗੀਤ ਸ਼ੁਰੂ ਕਰ ਦਿੰਦੀਆਂ ਸਨ । ਰੋਟੀ ਖੁਆਉਣ ਦਾ ਸਾਰਾ ਕੰਮ ਸ਼ਰੀਕੇ ਦੇ ਮੁੰਡੇ ਹੀ ਕਰਦੇ ਸਨ । ਔਰਤਾਂ ਵੀ ਇਸੇ ਤਰ੍ਹਾਂ ਦੇ ਗੀਤ ਸ਼ੁਰੂ ਕਰ ਦਿੰਦੀਆਂ ਸਨ । ਰੋਟੀ ਖੁਆਉਣ ਦਾ ਸਾਰਾ ਕੰਮ ਸ਼ਰੀਕੇ ਦੇ ਮੁੰਡੇ ਹੀ ਕਰਦੇ ਸਨ । ਕੰਮ ਕਰਨ ਵਿਚ ਪਿਆਰ ਅਤੇ ਉਤਸ਼ਾਹ ਵੇਖਣ ਨੂੰ ਮਿਲਦਾ ਸੀ । ਸਾਰੇ ਪਾਸੇ ਇਕ ਅਪਣੱਤ ਹੁੰਦੀ ਸੀ । ਦੂਜੇ ਦਿਨ ਬਰਾਤੀ ਆਪਣੇ ਪਿੰਡ ਦੀਆਂ ਅਤੇ ਗੋਤਰ ਦੀਆਂ ਔਰਤਾਂ ਜਿਹੜੀਆਂ ਇਸ ਪਿੰਡ ਵਿਆਹੀਆਂ ਆਈਆਂ ਸਨ, ਉਨ੍ਹਾਂ ਨੂੰ ਆਪਣੀਆਂ ਧੀਆਂ ਸਮਝ ਉਨ੍ਹਾਂ ਦੇ ਘਰੀਂ ਜਾ ਕੇ ਸ਼ਗਨ ਦਿੰਦੇ ਸਨ । ਇਹ ਸ਼ਗਨ ਭਾਵੇਂ ਇਕ ਰੁਪਿਆ ਜਾਂ ਪੰਜ ਰੁਪਏ ਹੀ ਹੁੰਦੀ ਸੀ ਪਰ ਰਿਸ਼ਤਿਆਂ ਦਾ ਨਿੱਘ ਵਧੇਰੇ ਭਾਰੂ ਹੁੰਦੀ ਸੀ । ਬਰਾਤ ਦੀ ਇਕ ਰੋਟੀ ਨਾਨਕਿਆਂ ਵਲੋਂ ਹੁੰਦੀ ਸੀ ਤੇ ਇਕ ਰੋਟੀ ਕੁੜੀ ਦੇ ਚਾਚੇ ਜਾਂ ਤਾਏ ਵੱਲੋਂ ਖੁਆਈ ਜਾਂਦੀ ਸੀ । ਡੋਲੀ ਟੁਰਨ ਦਾ ਨਜ਼ਾਰਾ ਬਹੁਤ ਹੀ ਦਰਦ ਭਰਿਆ ਹੁੰਦਾ ਸੀ । ਡੋਲੀ ਟੁਰਨ ਤੱਕ ਸਾਰੇ ਬਰਾਤੀ ਅਤੇ ਬਾਕੀ ਰਿਸ਼ਤੇਦਾਰ ਹਾਜ਼ਰ ਹੁੰਦੇ ਹਨ । ਡੋਲੀ ਔਰਤਾਂ ਦੇ ਗੀਤਾਂ ਨਾਲ ਤੋਰੀ ਜਾਂਦੀ ਸੀ । ਪਹਿਲਾਂ ਡੋਲੀ ਡੋਲਿਆਂ ਵਿਚ ਜਾਂਦੀ ਸੀ । ਜਿਸ ਨੂੰ ਪਿੰਡ ਦੇ ਕਹਾਰ ਮੋਢਿਆਂ ਉੱਤੇ ਚੁੱਕ ਕੇ ਲਿਜਾਂਦੇ ਸਨ । ਬਰਾਤੀ ਵੀ ਆਪਣੇ ਪਿੰਡ ਤੱਕ ਡੋਲੀ ਦੇ ਨਾਲ ਹੀ ਜਾਂਦੇ ਸਨ । ਮੁੜ ਡੋਲੇ ਦੀ ਥਾਂ ਗੱਡੀਆਂ ਜਾਂ ਰੱਥਾਂ ਨੇ ਲੈ ਲਈ । ਗੱਡੇ ਉੱਤੇ ਬਰਾਤੀਆਂ ਦਾ ਸਮਾਨ ਅਤੇ ਗੱਡੀ ਵਿਚ ਡੋਲੀ ਜਾਂਦੀ ਸੀ । ਵਧੀਆ ਬਲਦ ਗੱਡੇ, ਗੱਡੀ ਲਈ ਸ਼ਿੰਗਾਰੇ ਜਾਂਦੇ ਸਨ । ਵਿਆਹ ਦੀਆਂ ਰਸਮਾਂ ਵਿਚ ਸਾਦਗੀ ਸੀ ਪਰ ਪਿਆਰ, ਅਪਣੱਤ ਅਤੇ ਉਤਸ਼ਾਹ ਵਧੇਰੇ ਹੁੰਦਾ ਸੀ । ਸਾਰੇ ਪਿੰਡ ਨੂੰ ਹੀ ਚਾਅ ਚੜ੍ਹਿਆ ਰਹਿੰਦਾ ਸੀ । ਮੇਜ਼ ਕੁਰਸੀਆਂ, ਬਹਿਰੇ ਜਾਂ ਕਰਾਕਰੀ ਦੀ ਲੋੜ ਨਹੀਂ ਸੀ ਪੈਂਦੀ । ਗੁਰਦਵਾਰੇ ਦੇ ਬਰਤਨ, ਦਰੀਆਂ ਅਤੇ ਚਾਨਣੀ ਕੰਮ ਆਉਂਦੇ ਸਨ । ਝੀਉਰ ਕੋਰੇ ਵਿਛਾਉਂਦੇ ਸਨ ਅਤੇ ਬਰਤਨ ਸਾਫ ਕਰਦੇ ਸਨ । ਸਾਰੇ ਰਿਸ਼ਤੇਦਾਰ, ਸ਼ਰੀਕ, ਦੋਸਤ ਪੂਰੀ ਅਪਣੱਤ ਨਾਲ ਸਾਰੇ ਕਾਰਜਾਂ ਵਿਚ ਭਾਗ ਲੈਂਦੇ ਸਨ ।

ਸਮਾਂ ਬਦਲਿਆ ਹੈ । ਵਿਆਹ ਇਕ ਰਸਮ ਬਣ ਕੇ ਰਹਿ ਗਈ ਹੈ । ਵਿਆਹ ਹੁਣ ਘਰਾਂ ਵਿਚ ਨਹੀਂ ਸਗੋਂ ਮੈਰਿਜ਼ ਪੈਲਸ ਵਿਚ ਹੁੰਦੇ ਹਨ । ਜਿਹੜੇ ਪਿੰਡਾਂ ਵਿਚ ਵੀ ਬਣ ਗਏ ਹਨ । ਘਰ ਵਾਲੇ ਵੀ ਉੱਥੇ ਕਾਰਡ ਵਿਚ ਲਿਖੇ ਸਮੇਂ ਤੋਂ ਪਿਛੋਂ ਹੀ ਪੁੱਜਦੇ ਹਨ । ਰਿਸ਼ਤੇਦਾਰ, ਜਾਣ-ਪਛਾਣ ਵਾਲੇ ਕੇਵਲ ਹਾਜ਼ਰੀ ਲੁਆਉਣ ਹੀ ਆਉਂਦੇ ਹਨ । ਰਸਮਾਂ ਪਹਿਲਾਂ ਵੀ ਹੁੰਦੀਆਂ ਸਨ ਜਿਹੜੀਆਂ ਆਪਸੀ ਪਿਆਰ ਤੇ ਖ਼ੁਸ਼ੀ ਦੀ ਨਿਸ਼ਾਨੀ ਸਨ । ਰਸਮਾਂ ਹੁਣ ਵੀ ਹੁੰਦੀਆਂ ਹਨ । ਜਿਹੜੀਆਂ ਆਪਸੀ ਪਿਆਰ ਤੇ ਖ਼ੁਸ਼ੀ ਦੀ ਨਿਸ਼ਾਨੀ ਸਨ । ਰਸਮਾਂ ਹੁਣ ਵੀ ਹੁੰਦੀਆਂ ਹਨ । ਇਹ ਪਿਆਰ ਦੀ ਨਿਸ਼ਾਨੀ ਘੱਟ ਤੇ ਵਿਓਪਾਰ ਦੀ ਨਿਸ਼ਾਨੀ ਵਧੇਰੇ ਬਣ ਗਈਆਂ ਹਨ । ਵਿਆਹ ਭਾਵੇਂ ਹਫਤੇ ਵਿਚ ਕਰਨਾ ਹੋਵੇ ਪਰ ਰਸਮਾਂ ਸਾਰੀਆਂ ਪੂਰੀਆਂ ਕੀਤੀਆਂ ਜਾਂਦੀਆਂ ਹਨ । ਰੋਕਾ, ਮੁੰਦਰੀ ਪੁਆਈ, ਕੁੜਮਾਈ ਤੇ ਵਿਆਹ ਜ਼ਰੂਰੀ ਹਨ । ਜਿਨ੍ਹਾਂ ਕੋਈ ਬੇਇਮਾਨੀ ਦਾ ਪੈਸਾ ਹੈ ਉਹ ਇਸ ਦੀ ਖੁੱਲ੍ਹ ਕੇ ਵਰਤੋਂ ਕਰਦੇ ਹਨ, ਦੂਜਿਆਂ ਨੂੰ ਰੀਸੋ ਰੀਸ ਆਪਣੀ ਨੱਕ ਲਈ ਖਰਚ ਕਰਨਾ ਪੈਂਦਾ ਹੈ । ਪੰਜਾਬ ਦੇ ਪਿੰਡਾਂ ਵਿਚ ਬਹੁਤੇ ਪਰਿਵਾਰ ਵਿਆਹਾਂ ਉੱਤੇ ਕੀਤੇ ਖਰਚ ਕਰਕੇ ਕਰਜ਼ਾਈ ਹਨ । ਚੰਗਾ ਰਿਸ਼ਤਾ ਪ੍ਰਾਪਤ ਕਰਨ ਲਈ ਉਹ ਘਰ ਵੀ ਚੰਗਾ ਬਣਾਉਂਦੇ ਹਨ ਤੇ ਟਰੈਕਟਰ ਵੀ ਖਰੀਦਦੇ ਜ਼ਮੀਨ ਭਾਵੇਂ ਪੰਜ ਏਕੜ ਤੋਂ ਵੀ ਘੱਟ ਹੀ ਹੋਵੇ । ਕਿਸੇ ਚਾਰ ਏਕੜ ਦੇ ਮਾਲਕ ਕਿਸਾਨ ਨੂੰ ਪੁੱਛਿਆ ਗਿਆ ਕਿ ਉਸ ਨੇ ਟਰੈਕਟਰ ਕਿਉਂ ਖਰੀਦਿਆ ਹੈ । ਉਸ ਦਾ ਉੱਤਰ ਸੀ ਕਿ ਸਾਡੇ ਗੁਆਂਢੀਆਂ ਕੋਲ ਟਰੈਕਟਰ ਹੈ, ਉਨ੍ਹਾਂ ਦੇ ਮੁੰਡੇ ਨੂੰ ਦਹੇਜ ਵਿਚ ਮਰੂਤੀ ਕਾਰ ਮਿਲੀ ਹੈ । ਫਿਰ ਅਸੀਂ ਭਲਾ ਪਿੱਛੇ ਕਿਉਂ ਰਹੀਏ । ਜਿਸ ਨੇ ਟਰੈਕਟਰ ਖਰੀਦਿਆ ਉਸ ਨੇ ਕਰਜ਼ਾ ਲਿਆ ਜਿਸ ਨੇ ਦਹੇਜ ਵਿਚ ਮਰੂਤੀ ਦਿੱਤੀ ਉਸ ਵੀ ਕਰਜ਼ਾ ਲਿਆ । ਪਿੰਡ ਦੇ ਆਮ ਘਰਾਂ ਵਿਚ ਟੈਲੀਵਿਜ਼ਨ, ਫਰਿਜ਼, ਸਕੂਟਰ ਆਦਿ ਦਹੇਜ ਵਿਚ ਹੀ ਮਿਲੇ ਹੋਏ ਹਨ ।

ਪਹਿਲਾਂ ਬਰਾਤ ਗੱਡੇ, ਗੱਡੀਆਂ ਵਿਚ ਜਾਂਦੀ ਸੀ । ਫਿਰ ਬੱਸਾਂ ਦਾ ਰਿਵਾਜ ਪਿਆ । ਇਸ ਤੋਂ ਅੱਗੇ ਟੈਕਸੀਆਂ ਦੀ ਵਾਰੀ ਆਈ ਹੁਣ ਆਪਣੀਆਂ ਕਾਰਾਂ ਵਿਚ ਬਰਾਤ ਜਾਂਦੀ ਹੈ । ਮਹਿਮਾਨਾਂ ਦੀ ਖਾਤਿਰ ਪਿਆਰ ਨਾਲ ਨਹੀਂ ਸਗੋਂ ਪੈਸੇ ਨਾਲ ਹੁੰਦੀ ਹੈ । ਵੱਧ ਤੋਂ ਵੱਧ ਪਦਾਰਥ ਬਣਾ ਕੇ ਵਡੱਪਣ ਦਿਖਾਉਣ ਦਾ ਯਤਨ ਕੀਤਾ ਜਾਂਦਾ ਹੈ । ਸਾਰੇ ਖੁੱਲ੍ਹ ਕੇ ਸ਼ਰਾਬ ਪੀਂਦੇ ਹਨ । ਅੱਧ ਨੰਗੀਆਂ ਕੁੜੀਆਂ ਉਕਸਾਊ ਨਾਚ ਨੱਚਦੀਆਂ ਹਨ । ਪਰ ਬਰਾਤ ਦੀ ਵਿਦਾਈ ਸਮੇਂ ਕੇਵਲ ਘਰ ਦੇ ਬੰਦੇ ਹੀ ਨਜ਼ਰ ਆਉਂਦੇ ਹਨ । ਡੋਲੇ ਦੀ ਥਾਂ ਗੱਡੀ ਨੇ ਲਈ, ਮੁੜ ਕਾਰ ਤੇ ਹੁਣ ਵਿਸ਼ੇਸ਼ ਕਾਰਾਂ ਵਰਤੋਂ ਵਿਚ ਲਿਆਉਂਦੀਆਂ ਜਾਂਦੀਆਂ ਹਨ । ਵੱਡੇ ਸ਼ਹਿਰਾਂ ਵਿਚ ਵੱਡੀਆਂ ਕਾਰਾਂ ਕੇਵਲ ਇਸੇ ਕੰਮ ਲਈ ਕਿਰਾਏ ਉਤੇ ਮਿਲਦੀਆਂ ਹਨ । ਡੋਲੀ ਨੇ ਭਾਵੇਂ ਉਸੇ ਸ਼ਹਿਰ ਵਿਚ ਰਹਿਣ ਹੁੰਦਾ ਹੈ ਪਰ ਹਜ਼ਾਰਾਂ ਰੁਪਏ ਇਸ ਕਾਰ ਦੇ ਕਿਰਾਏ ਉੱਤੇ ਖਰਚ ਹੁੰਦੇ ਹਨ ।

ਸਮੇਂ ਨਾਲ ਵਿਕਾਸ ਹੁੰਦਾ ਹੈ । ਸਮਾਜਿਕ ਅਤੇ ਸੱਭਿਆਚਾਰਕ ਤਬਦੀਲੀਆਂ ਵੀ ਆਉਂਦੀਆਂ ਹਨ । ਪਰ ਇਹ ਤਬਦੀਲੀ ਉਦੋਂ ਹੀ ਸੁਖਾਵੀਂ ਹੁੰਦੀ ਹੈ ਜਦੋਂ ਵਿਕਾਸ ਦਾ ਅਧਾਰ ਬਣੇ । ਲੋਕਾਂ ਦੀ ਸੋਚ, ਰਹਿਣ ਸਹਿਣ ਅਤੇ ਬੋਲਚਾਲ ਵਧੀਆ ਹੋਵੇ । ਪਰ ਜੇਕਰ ਇਹ ਵਿਖਾਵਾ ਬਣ ਜਾਵੇ ਤਾਂ ਇਹ ਵਿਕਾਸ ਦੀ ਨਿਸ਼ਾਨੀ ਨਹੀਂ ਸਗੋਂ ਵਿਗਾੜ ਲਈ ਜ਼ਿੰਮੇਵਾਰ ਬਣ ਜਾਂਦੀ ਹੈ । ਇਸ ਵਿਖਾਵੇ ਦੀ ਦੌੜ ਵਿਚ ਪੈਸਾ ਮਹੱਤਵਪੂਰਨ ਬਣ ਜਾਂਦਾ ਹੈ । ਪੈਸੇ ਲਈ ਬੇਇਮਾਨੀ ਕੀਤੀ ਜਾਂਦੀ ਹੈ । ਰਿਸ਼ਤਿਆਂ ਵਿਚ ਤ੍ਰੇੜਾਂ ਆਉਂਦੀਆਂ ਹਨ ਅਤੇ ਕਈ ਵਾਰ ਕਰਜ਼ਾਈ ਵੀ ਬਣਨਾ ਪੈਂਦਾ ਹੈ । ਇਸ ਤਰ੍ਹਾਂ ਸਮਾਜ ਟੁੱਟਦਾ ਹੈ, ਜੁੜਦਾ ਨਹੀਂ ਅਤੇ ਨਾ ਹੀ ਵਿਕਾਸ ਵੱਲ ਪੁਲਾਂਘਾ ਪੁੱਟਦਾ ਹੈ ।

# ਸਾਉਣੀ ਰੁੱਤ ਦੀ ਮੱਕੀ ਦੇ ਵਧੇਰੇ ਝਾੜ ਲਈ ਕਾਸ਼ਤ ਦੇ ਢੰਗ

ਮਹੇਸ਼ ਕੁਮਾਰ, ਤੋਸ਼ ਗਰਗ ਅਤੇ ਗਗਨਦੀਪ ਸਿੰਘ,
ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ, ਪੀ. ਏ. ਯੂ., ਲੁਧਿਆਣਾ
ਮੋ. 94786-27910

ਮੱਕੀ ਦੀ ਫਸਲ ਲਗਭਗ 100 ਦਿਨਾਂ ਵਿਚ ਪੱਕ ਜਾਂਦੀ ਹੈ, ਜਿਸ ਕਾਰਨ ਪਾਣੀ ਦੀ ਖਪਤ ਘੱਟ ਹੁੰਦੀ ਹੈ। ਇਸ ਦੀ ਕਾਸ਼ਤ ਬਰਾਨੀ ਇਲਾਕਿਆਂ ਵਿਚ ਵੀ ਸਫਲਤਾਪੂਰਵਕ ਕੀਤੀ ਜਾ ਸਕਦੀ ਹੈ। ਇਹਨਾਂ ਲਈ ਪੀ ਏ ਯੂ ਵਲੋਂ ਖਾਸ ਕਿਸਮਾਂ ਅਤੇ ਉਤਪਾਦਨ ਤਕਨੀਕਾਂ ਦੀ ਸਿਫਾਰਿਸ਼ ਕੀਤੀ ਹੋਈ ਹੈ, ਜਿਹਨਾਂ ਦਾ ਮਿਆਰ ਹਰ ਕੁਆਲਿਟੀ ਪੱਧਰ ਤੇ ਪੂਰਾ ਹੈ।

ਯੂਨੀਵਰਸਿਟੀ ਵਲੋਂ ਸਿਫਾਰਿਸ਼ ਕੀਤੀਆਂ ਮੱਕੀ ਦੀਆਂ ਕੰਪੋਜ਼ਿਟ ਅਤੇ ਦੋਗਲੀਆਂ ਕਿਸਮਾਂ ਵੇਰਵਾ ਸਾਰਣੀ-1 ਅਨੁਸਾਰ ਹੈ।

ਹੇਠ ਲਿਖੇ ਉੱਨਤ ਕਾਸ਼ਤ ਦੇ ਢੰਗ ਅਪਣਾ ਕੇ ਮੱਕੀ ਦੀ ਸਾਉਣੀ ਵਿਚ ਸਫਲਤਾ ਪੂਰਨ ਕਾਸ਼ਤ ਕੀਤੀ ਜਾ ਸਕਦੀ ਹੈ :



**ਬਿਜਾਈ ਦਾ ਸਮਾਂ** : ਸੇਜੂ ਹਾਲਤਾਂ ਵਿਚ ਮੱਕੀ ਦੀ ਬਿਜਾਈ ਮਈ ਦੇ ਅਖੀਰਲੇ ਹਫਤੇ ਤੋਂ ਅਖੀਰ ਜੂਨ ਤੱਕ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਅਗਲੀ ਫਸਲ ਦੇ ਬਿਜਾਈ ਜਿਵੇਂ ਕਿ ਆਲੂ, ਤੋਰੀਆਂ, ਕਣਕ ਆਦਿ ਲਈ ਖੇਤ ਸਮੇਂ ਸਿਰ ਖਾਲੀ ਹੋ ਜਾਂਦੇ ਹਨ। ਸਮੇਂ ਸਿਰ ਬੀਜੀ ਫਸਲ ਤੋਂ ਝਾੜ ਵੀ ਚੰਗਾ ਮਿਲਦਾ ਹੈ ਅਤੇ ਬਾਰਿਸ਼ਾਂ ਵਿਚ ਜ਼ਿਆਦਾ ਪਾਣੀ ਦੇ ਨੁਕਸਾਨ ਤੋਂ ਵੀ ਬਚਿਆ ਜਾ ਸਕਦਾ ਹੈ।

**ਬਿਜਾਈ ਦਾ ਢੰਗ ਅਤੇ ਬੀਜ ਦੀ ਮਾਤਰਾ** : ਸਿਫਾਰਿਸ਼ ਕੀਤੇ ਕਾਸ਼ਤ ਦੇ ਢੰਗ ਅਪਣਾਉਣ ਨਾਲ ਬੂਟਿਆਂ ਦੀ ਪੂਰੀ ਗਿਣਤੀ ਦੇ ਨਾਲ-ਨਾਲ ਬੂਟਿਆਂ ਦਾ ਵਾਧਾ ਵੀ ਜ਼ਿਆਦਾ ਹੁੰਦਾ ਹੈ। ਕਿਸਾਨਾਂ ਦੇ ਖੇਤਾਂ ਵਿਚ ਬੂਟਿਆਂ ਦੀ ਘੱਟ ਗਿਣਤੀ ਹੋਣਾ ਘੱਟ ਝਾੜ ਦਾ ਪ੍ਰਮੁੱਖ ਕਾਰਨ ਹੈ। ਕਤਾਰ ਤੋਂ ਕਤਾਰ ਦਾ ਫਾਸਲਾ 60 ਸੈਂਟੀਮੀਟਰ ਰੱਖੋ ਅਤੇ ਬੂਟਿਆਂ ਵਿਚਕਾਰ ਫਾਸਲਾ 20 ਸੈਂਟੀਮੀਟਰ ਰੱਖੋ। ਬੀਜ ਦੀ ਮਾਤਰਾ ਪਰਲ ਪੌਪਕੌਰਨ ਲਈ 7 ਕਿਲੋ ਪ੍ਰਤੀ ਏਕੜ ਅਤੇ ਬਾਕੀ ਕਿਸਮਾਂ ਲਈ 10 ਕਿਲੋ ਪ੍ਰਤੀ ਏਕੜ ਵਰਤੋ।

**ਖਾਲੀਆਂ ਵਿਚ ਬਿਜਾਈ** : ਮਈ ਦੇ ਅਖੀਰਲੇ ਹਫਤੇ ਤੋਂ ਅੱਧ ਜੂਨ ਤੱਕ ਮੱਕੀ ਦੀ ਬਿਜਾਈ ਟਰੈਕਟਰ ਵਾਲੀ ਰਿਜਰ ਮਸ਼ੀਨ ਨਾਲ ਬਣਾਈਆਂ ਖਾਲੀਆਂ ਵਿਚ ਕੀਤੀ ਜਾ ਸਕਦੀ ਹੈ, ਜਿਸ ਨਾਲ ਖੁਸ਼ਕ ਅਤੇ ਗਰਮ ਮੌਸਮ ਵਿਚ ਪਾਣੀ ਘੱਟ ਅਤੇ ਸੌਖਾ ਲੱਗਦਾ ਹੈ। ਖਾਲੀਆਂ ਵਿਚ ਬੀਜੀ ਮੱਕੀ ਦੀ ਫਸਲ ਬਹੁਤ ਘੱਟ ਡਿੱਗਦੀ ਹੈ ਅਤੇ ਪੱਧਰੀ ਬਿਜਾਈ ਨਲੋਂ ਝਾੜ ਵੀ ਜ਼ਿਆਦਾ ਦਿੰਦੀ ਹੈ।

**ਬੈੱਡ ਜਾਂ ਵੱਟਾਂ ਤੇ ਬਿਜਾਈ** : ਬੈੱਡ ਜਾਂ ਵੱਟਾਂ ਤੇ ਬਿਜਾਈ ਨਾਲ ਮੱਕੀ ਦੇ ਉੱਗਣ ਸਮੇਂ ਜ਼ਿਆਦਾ ਬਾਰਿਸ਼ ਨਾਲ ਖੜ੍ਹੇ ਪਾਣੀ ਦੇ ਨੁਕਸਾਨ ਤੋਂ ਬੱਚਤ ਹੋ ਜਾਂਦੀ ਹੈ। ਮੱਕੀ ਦੀ ਬਿਜਾਈ 67.5 ਸੈਂਟੀਮੀਟਰ ਬੈੱਡ ਦੇ ਵਿਚਕਾਰ 3-5 ਸੈਂਟੀਮੀਟਰ ਡੂੰਘਾਈ ਤੇ ਕਰੋ, ਬੂਟੇ ਤੋਂ ਬੂਟੇ ਦਾ ਫਾਸਲਾ 18 ਸੈਂਟੀਮੀਟਰ ਰੱਖੋ ਜਾਂ 60 ਸੈਂਟੀਮੀਟਰ ਦੀ ਵਿੱਥ ਤੇ ਵੱਟਾਂ ਦੇ ਪਾਸੇ ਤੇ 6-7 ਸੈਂਟੀਮੀਟਰ ਦੀ ਉਚਾਈ ਤੇ ਬਿਜਾਈ ਕਰੋ। ਬੂਟੇ ਤੋਂ ਬੂਟੇ ਦਾ ਫਾਸਲਾ 20 ਸੈਂਟੀਮੀਟਰ ਰੱਖੋ। ਬੈੱਡ ਬਣਾਉਣ ਲਈ ਕਣਕ ਵਾਲੇ ਬੈੱਡ ਪਲਾਂਟਰ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ।

**ਖਾਦਾਂ ਦੀ ਵਰਤੋਂ** : ਪੌਸ਼ਟਿਕ ਤੱਤਾਂ ਦਾ ਮੱਕੀ ਦੀਆਂ ਦੋਗਲੀਆਂ ਕਿਸਮਾਂ ਤੇ ਚੰਗਾ ਪ੍ਰਭਾਵ ਪੈਂਦਾ ਹੈ। ਰਸਾਇਣਿਕ ਖਾਦਾਂ ਦੇ ਨਾਲ-ਨਾਲ ਜੈਵਿਕ ਖਾਦਾਂ ਦੀ ਵਰਤੋਂ ਵੀ ਮੱਕੀ ਲਈ ਬਹੁਤ ਲਾਹੇਵੰਦ ਹੈ। ਇਹਨਾਂ ਤੱਤਾਂ ਦੀ ਵਰਤੋਂ ਮਿੱਟੀ ਦੀ ਉਪਜਾਊ ਸ਼ਕਤੀ ਅਤੇ ਫਸਲੀ ਚੱਕਰ ਅਨੁਸਾਰ ਕਰੋ। ਚੰਗਾ ਝਾੜ ਲੈਣ ਲਈ ਲੰਮੇ ਸਮੇਂ ਵਿਚ ਪੱਕਣ ਵਾਲੀਆਂ ਕਿਸਮਾਂ ਨੂੰ 110 ਕਿਲੋ ਯੂਰੀਆ, 150 ਕਿਲੋ ਸੁਪਰਫਾਸਫੇਟ ਜਾਂ 55 ਕਿਲੋ ਡੀ.ਏ.ਪੀ. ਅਤੇ 20 ਕਿਲੋ ਮਿਊਰੇਟ ਆਫ ਪੋਟਾਸ਼ ਦੀ ਵਰਤੋਂ ਕਰੋ। ਜੇ ਖੇਤ ਵਿਚ ਜ਼ਿੰਕ ਦੀ ਘਾਟ ਹੋਵੇ ਤਾਂ 10 ਕਿਲੋ ਜ਼ਿੰਕ ਸਲਫੇਟ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਓ। ਜੇਕਰ ਡੀ ਏ ਪੀ 27 ਕਿਲੋ ਅਤੇ 55 ਕਿਲੋ ਪਾਈ ਹੋਵੇ ਤਾਂ ਯੂਰੀਆ 10 ਕਿਲੋ ਅਤੇ 20 ਕਿਲੋ ਕ੍ਰਮਵਾਰ ਘਟਾ ਦਿਓ। ਖਾਦਾਂ ਦੀ ਸਮੇਂ ਸਿਰ ਵਰਤੋਂ ਫਸਲ ਦਾ ਝਾੜ ਵਧਾਉਂਦੀ ਹੈ। ਸਾਰੀ ਫਾਸਫੋਰਸ, ਪੋਟਾਸ਼ ਅਤੇ ਤੀਜਾ ਹਿੱਸਾ ਨਾਈਟ੍ਰੋਜਨ ਵਾਲੀ ਖਾਦ ਬਿਜਾਈ ਸਮੇਂ ਪਾਓ। ਬਾਕੀ ਦੀ ਰਹਿੰਦੀ ਨਾਈਟ੍ਰੋਜਨ ਵਾਲੀ ਖਾਦ ਦੋ ਹਿੱਸਿਆਂ ਵਿਚ ਪਾਓ। ਇੱਕ ਹਿੱਸਾ ਉਸ ਵੇਲੇ ਜਦ ਫਸਲ ਗੋਡੇ-ਗੋਡੇ ਹੋ ਜਾਵੇ ਅਤੇ ਦੂਸਰਾ ਹਿੱਸਾ ਬੂਰ ਪੈਣ ਤੋਂ ਪਹਿਲਾਂ ਪਾ ਦਿਓ। ਜੇ ਮੱਕੀ ਨੂੰ 6 ਟਨ ਪ੍ਰਤੀ ਏਕੜ ਤੋਂ ਵੱਧ ਚੰਗੀ ਗਲੀ ਸੜੀ ਰੂੜੀ ਹਰ ਸਾਲ ਪਾਈ ਜਾਵੇ ਤਾਂ ਬਿਜਾਈ ਸਮੇਂ ਮੱਕੀ ਨੂੰ ਕਿਸੇ ਖਾਦ ਦੀ ਲੋੜ ਨਹੀਂ।

ਨਾਈਟ੍ਰੋਜਨ ਖਾਦ ਦੀ ਜ਼ਰੂਰਤ ਅਨੁਸਾਰ ਵਰਤੋਂ ਲਈ ਪੱਤਾ ਰੰਗ ਚਾਰਟ ਅਨੁਸਾਰ ਯੂਰੀਆ ਪਾਇਆ ਜਾ ਸਕਦਾ ਹੈ। ਮੱਕੀ ਦੀ ਬਿਜਾਈ ਸਮੇਂ 25 ਕਿਲੋ ਯੂਰੀਆ ਪ੍ਰਤੀ ਏਕੜ ਪਾਓ। ਬਿਜਾਈ ਤੋਂ 21 ਦਿਨ ਬਾਅਦ 10-10 ਦਿਨ ਦੇ ਅੰਤਰ ਤੇ ਪੱਤਿਆਂ ਦਾ ਰੰਗ ਪੱਤਾ ਚਾਰਟ ਨਾਲ ਮਿਲਾਉਣਾ ਸ਼ੁਰੂ ਕਰੋ। ਹਰ ਵਾਰ ਖੇਤ ਵਿਚ 10 ਪੌਦਿਆਂ ਦੇ ਉੱਪਰੋ ਪੂਰੇ ਖੁੱਲੇ ਪਹਿਲੇ ਪੱਤੇ ਦਾ ਰੰਗ ਪੌਦੇ ਨਾਲੋਂ ਤੋੜੇ ਬਿਨਾਂ ਚਾਰਟ ਨਾਲ ਮਿਲਾਉ। ਜਦੋਂ ਦਸ ਵਿੱਚੋਂ ਛੇ ਜਾਂ ਵੱਧ ਪੱਤਿਆਂ ਦਾ ਰੰਗ ਚਾਰਟ ਦੀ ਟਿੱਕੀ ਨੰਬਰ 5 ਤੋਂ ਫਿੱਕਾ ਹੋਵੇ ਤਾਂ 25 ਕਿਲੋ ਯੂਰੀਆ ਪ੍ਰਤੀ ਏਕੜ ਦਾ ਛੱਟਾ ਦਿਓ। ਜੇ ਪੱਤਿਆਂ ਦਾ ਰੰਗ ਚਾਰਟ ਦੀ ਟਿੱਕੀ ਨੰਬਰ 5 ਦੇ ਬਰਾਬਰ ਜਾਂ ਗੂੜਾ ਹੋਰ ਯੂਰੀਆ ਖਾਦ ਦੀ ਵਰਤੋਂ ਨਾ ਕਰੋ। ਮੱਕੀ ਦੇ ਸੂਤ ਕੱਤਣ ਤੋਂ ਬਾਅਦ ਪੱਤਾ ਰੰਗ ਚਾਰਟ ਦੀ ਵਰਤੋਂ ਦੀ ਲੋੜ ਨਹੀਂ ਅਤੇ ਹੋਰ ਖਾਦ ਨਹੀਂ ਪਾਉਣੀ ਚਾਹੀਦੀ। ਪੱਤਾ ਰੰਗ ਚਾਰਟ ਦੀ ਵਰਤੋਂ ਸਮੇਂ ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਤੋਂ ਰਹਿਤ ਬੂਟਿਆਂ ਦੇ ਪੱਤਿਆਂ ਦਾ ਰੰਗ ਹੀ ਪੱਤਾ ਰੰਗ ਚਾਰਟ ਨਾਲ ਆਪਣੇ ਪਰਛਾਵੇਂ ਵਿਚ ਮਿਲਾਉਣਾ ਚਾਹੀਦਾ ਹੈ। ਫਸਲ ਦੀ ਪਾਣੀ ਦੀ ਔੜ ਨਹੀਂ ਲੱਗਣੀ ਚਾਹੀਦੀ ਅਤੇ ਬਾਕੀ ਖੁਰਾਕੀ ਤੱਤਾਂ ਦੀ ਵਰਤੋਂ ਵੀ ਸਿਫਾਰਿਸ਼ ਅਨੁਸਾਰ ਕੀਤੀ ਜਾਣੀ ਚਾਹੀਦੀ ਹੈ।

**ਸਿੰਚਾਈ** : ਆਮ ਤੌਰ ਤੇ ਮੱਕੀ ਨੂੰ 4-6 ਪਾਣੀਆਂ ਦੀ ਲੋੜ ਹੁੰਦੀ ਹੈ, ਪਰ ਪਾਣੀਆਂ ਦੀ ਗਿਣਤੀ ਵਰਖਾ ਤੇ ਨਿਰਭਰ ਕਰਦੀ ਹੈ। ਫਸਲ ਨੂੰ ਕਿਸੇ ਸਮੇਂ ਵੀ ਪਾਣੀ ਦੀ ਘਾਟ ਨਹੀਂ ਆਉਣ ਦੇਣੀ ਚਾਹੀਦੀ ਹੈ ਖਾਸ ਕਰਕੇ ਨਿੱਸਰਨ ਅਤੇ ਸੂਤ ਕੱਤਣ ਸਮੇਂ।

**ਮੱਕੀ ਦੀ ਕਟਾਈ ਅਤੇ ਦਾਣਿਆਂ ਦੀ ਸਾਂਭ ਸੰਭਾਲ** : ਮੱਕੀ ਦੀ ਕਟਾਈ ਉਸ ਸਮੇਂ ਕਰ ਲਉ ਜਦੋਂ ਛੱਲੀਆਂ ਦੇ ਪਰਦੇ ਸੁੱਕ ਕੇ ਭੂਰੇ ਹੋ ਜਾਣ। ਇਸ ਸਮੇਂ ਟਾਂਡੇ ਅਤੇ ਪੱਤੇ ਕੁਝ ਹਰੇ ਹੀ ਹੁੰਦੇ ਹਨ। ਦਾਣਿਆਂ ਵਿਚ ਸਿੱਲ੍ਹ ਦੀ ਮਾਤਰਾ 15 ਪ੍ਰਤੀਸ਼ਤ ਤੋਂ ਵੱਧ ਨਹੀਂ ਹੋਣੀ ਚਾਹੀਦੀ। ਛੱਲੀਆਂ ਦੇ ਪਰਦੇ ਲਾਹੁਣ ਅਤੇ ਦਾਣੇ ਕੱਢਣ ਵਾਲੀ ਮਸ਼ੀਨ ਦੀ ਵਰਤੋਂ ਕੀਤੀ ਜਾ ਸਕਦੀ ਹੈ, ਜਿਸ ਨਾਲ ਪਰਦਿਆਂ ਸਮੇਤ ਛੱਲੀਆਂ 'ਚੋਂ ਦਾਣੇ ਕੱਢੇ ਜਾ ਸਕਦੇ ਹਨ। ਮੰਡੀ ਵਿਚ ਮੱਕੀ ਦਾ ਸਹੀ ਮੁੱਲ ਲੈਣ ਲਈ ਇਸ ਨੂੰ ਚੰਗੀ ਤਰ੍ਹਾਂ ਸੁੱਕਾ ਕੇ ਇਸ ਦਾ ਮੰਡੀਕਰਨ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਬੂਟਿਆਂ ਦੀ ਸੁਰੱਖਿਆ ਦੇ ਉਚਿਤ ਉਪਾਅ ਸਾਉਣੀ ਰੁੱਤ ਦੀ ਮੱਕੀ ਦੀ ਪੈਦਾਵਾਰ ਵਧਾਉਣ ਵਿਚ ਬਹੁਤ ਮਦਦ ਕਰਦੇ ਹਨ।

**ਸਾਰਣੀ-1 : ਯੂਨੀਵਰਸਿਟੀ ਵਲੋਂ ਸਿਫਾਰਿਸ਼ ਕੀਤੀਆਂ ਮੱਕੀ ਦੀਆਂ ਕੰਪੋਜ਼ਿਟ ਅਤੇ ਦੋਗਲੀਆਂ ਕਿਸਮਾਂ**

| ਕਿਸਮ | ਪੱਕਣ ਲਈ ਸਮਾਂ (ਦਿਨ) | ਔਸਤਨ ਝਾੜ ਕੁਇੰ./ਏਕੜ | ਵਿਸ਼ੇਸ਼ ਟਿੱਪਣੀ |
|---|---|---|---|
| **ਲੰਮਾ ਸਮਾਂ ਲੈਣ ਵਾਲੀਆਂ ਕਿਸਮਾਂ** | | | |
| ਪੀ ਐਮ ਐਚ 14 | 98 | 24.8 | ਇਕਹਿਰੀ ਦੋਗਲੀ ਕਿਸਮ ਸੇਜੂ ਹਾਲਤਾਂ ਲਈ |
| ਪੀ ਐਮ ਐਚ 13 | 97 | 24.0 | ਇਕਹਿਰੀ ਦੋਗਲੀ ਕਿਸਮ ਸੇਜੂ ਹਾਲਤਾਂ ਲਈ |
| ਏ ਡੀ ਵੀ 9293 | 97 | 24.5 | ਇਕਹਿਰੀ ਦੋਗਲੀ ਕਿਸਮ ਸੇਜੂ ਹਾਲਤਾਂ ਲਈ |
| ਡੀ ਕੇ ਸੀ 9144 | 97 | 24.6 | ਇਕਹਿਰੀ ਦੋਗਲੀ ਕਿਸਮ ਸੇਜੂ ਹਾਲਤਾਂ ਲਈ |
| ਬਾਇਓਸੀਡ 9788 | 96 | 24.3 | ਇਕਹਿਰੀ ਦੋਗਲੀ ਕਿਸਮ ਸੇਜੂ ਹਾਲਤਾਂ ਲਈ |
| ਜੇ ਸੀ 12 | 99 | 18.2 | ਕੰਪੋਜ਼ਿਟ ਕਿਸਮ ਕੰਢੀ ਇਲਾਕੇ ਲਈ |
| **ਦਰਮਿਆਨਾ ਸਮਾਂ ਲੈਣ ਵਾਲੀਆਂ ਕਿਸਮਾਂ** | | | |
| ਜੇ ਸੀ 4 | 90 | 13.0 | ਕੰਪੋਜ਼ਿਟ ਕਿਸਮ ਸੇਂਜੂ ਹਾਲਤਾਂ ਅਤੇ ਕੰਢੀ ਇਲਾਕੇ ਲਈ, ਜੈਵਿਕ ਖੇਤੀ ਲਈ ਵੀ |
| **ਥੋੜਾ ਸਮਾਂ ਲੈਣ ਵਾਲੀਆਂ ਕਿਸਮਾਂ** | | | |
| ਪੀ ਐਮ ਐਚ 2 | 83 | 18.0 | ਇਕਹਿਰੇ ਮੇਲ ਦੀ ਦੋਗਲੀ ਕਿਸਮ |
| **ਖਾਸ ਵਰਤੋਂ ਲਈ ਕਿਸਮਾਂ** | | | |
| ਪੰਜਾਬ ਸਵੀਟ ਕੌਰਨ-1 | 95-100 | 50.0 (ਹਰੀਆਂ ਛੱਲੀਆਂ) 13.0 (ਦਾਣਿਆਂ ਦਾ ਝਾੜ) | ਕੰਪੋਜ਼ਿਟ ਕਿਸਮ ਮਿੱਠੀਆਂ ਹਰੀਆਂ ਛੱਲੀਆਂ ਲਈ |
| ਪਰਲ ਪੌਪ ਕੌਰਨ | 88 | 12.0 | ਕੰਪੋਜ਼ਿਟ ਕਿਸਮ ਖਿੱਲਾਂ ਬਣਾਉਣ ਲਈ |
| **ਬੇਬੀ ਕੌਰਨ** | | | |
| ਪੰਜਾਬ ਬੇਬੀ ਕੌਰਨ | 60-65 | 8.4 (ਬੇਬੀ ਕੌਰਨ ਦਾ ਝਾੜ) | ਬੂਰ ਰਹਿਤ, ਇਕਹਿਰੀ ਦੋਗਲੀ ਕਿਸਮ ਬੇਬੀ ਕੌਰਨ ਲਈ |

# ਪਸ਼ੂਆਂ ਵਿੱਚ ਲਹੂ ਮੂਤਣਾ ਬਿਮਾਰੀ

ਪਸ਼ੂਆਂ ਵਿਚ ਇਹ ਬਿਮਾਰੀ ਬਬੇਸੀਆ ਨਾਂ ਦੇ ਪਰਜੀਵੀ ਨਾਲ ਹੁੰਦੀ ਹੈ ਜੋ ਕਿ ਖੂਨ ਵਿਚਲੇ ਲਾਲ ਰਕਤ ਕਣਾਂ ਅੰਦਰ ਰਹਿੰਦਾ ਹੈ। ਗਾਵਾਂ/ਮੱਝਾਂ ਵਿਚ ਇਕ ਖਾਸ ਚਿੱਚੜ (ਬੂਫਿਲੱਸ) ਨਾਲ ਇਹ ਇੱਕ ਤੋਂ ਦੂਜੇ ਪਸ਼ੂ ਵਿਚ ਫੈਲ ਜਾਂਦੀ ਹੈ। ਗਰਮੀ ਦੇ ਮਹੀਨਿਆਂ ਵਿਚ ਇਸ ਦਾ ਪ੍ਰਕੋਪ ਖਤਰਨਾਕ ਹੁੰਦਾ ਹੈ। ਇਸ ਤੋਂ ਬਚਣ ਲਈ ਪਸ਼ੂ ਵਾੜਿਆਂ ਵਿੱਚ ਚਿੱਚੜਾਂ ਦੀ ਰੋਕਥਾਮ ਬਹੁਤ ਜ਼ਰੂਰੀ ਹੈ।

**ਲੱਛਣ** : ਚਿੱਚੜਾਂ ਦੇ ਕੱਟਣ ਤੋਂ ਕੁਝ ਹਫਤਿਆਂ ਬਾਅਦ ਪਸ਼ੂ ਨੂੰ ਤੇਜ਼ ਬੁਖਾਰ (105 ਡਿਗਰੀ ਫਾਰਨਹੀਟ) ਹੋ ਜਾਂਦਾ ਹੈ, ਭੁੱਖ ਘੱਟ ਜਾਂਦੀ ਹੈ, ਕਮਜ਼ੋਰੀ ਆਉਂਦੀ ਹੈ, ਖੂਨ ਦੀ ਘਾਟ ਅਤੇ ਪੀਲੀਆ ਹੋ ਜਾਂਦਾ ਹੈ, ਦਿਲ ਦੀ ਧੜਕਨ ਅਤੇ ਸਾਹ ਦੀ ਰਫਤਾਰ ਤੇਜ਼ ਹੋ ਜਾਂਦੀ ਹੈ, ਮੋਕ ਅਤੇ ਗੂੜ੍ਹੇ ਲਾਲ ਜਾਂ ਭੂਰੇ ਰੰਗ ਦਾ ਪਿਸ਼ਾਬ ਦੇਖਿਆ ਜਾਂਦਾ ਹੈ।

ਇਸ ਬਿਮਾਰੀ ਨੂੰ ਲਾਲ ਪਾਣੀ ਵਾਲਾ ਬੁਖਾਰ, ਚਿੱਚੜਾਂ ਨਾਲ ਹੋਣ ਵਾਲਾ ਬੁਖਾਰ ਜਾਂ ਤਿੱਲੀ ਦਾ ਬੁਖਾਰ ਆਦਿ ਵੀ ਕਿਹਾ ਜਾਂਦਾ ਹੈ। ਇਸ ਬਿਮਾਰੀ ਨੂੰ ਕੁਝ ਹੋਰ ਬਿਮਾਰੀਆਂ ਤੋਂ ਵੱਖ ਕਰਨਾ ਵੀ ਜ਼ਰੂਰੀ ਹੈ, ਜਿਨ੍ਹਾਂ ਵਿਚ ਖੂਨ ਮੂਤਣ ਦਾ ਲੱਛਣ ਵੇਖਿਆ ਜਾਂਦਾ ਹੈ ਜਿਵੇਂ ਕਿ ਧਾਤਾਂ ਦੀ ਘਾਟ, ਬੇਸੀਲਰੀ ਹਿਮੋਗਲੋ ਬਿਨਯੂਰੀਆ, ਲੈਪਟੋਸਪਾਇਰੋਸਿਸ ਆਦਿ।

ਫਾਸਫੋਰਸ ਧਾਤ ਦੀ ਘਾਟ ਨਾਲ ਲਹੂ ਮੂਤਣਾ ਸੂਣ ਤੋਂ 1-2 ਮਹੀਨੇ ਵਿਚ ਹੁੰਦੀ ਹੈ, ਪਰੰਤੂ ਇਸ ਵਿਚ ਬੁਖਾਰ ਨਹੀਂ ਦੇਖਿਆ ਜਾਂਦਾ। ਬੇਸੀਲਰੀ ਹਿੰਮੋਗਲੋਬਿਨਯੂਰੀਆ ਇਕ ਕੀਟਾਣੂੰ ਰੋਗ ਹੈ ਜਿਸ ਵਿਚ ਬੰਨ੍ਹ ਪੈਣ ਕਾਰਨ ਪਸ਼ੂ ਦੇ ਗੋਹੇ ਵਿਚ ਖੂਨ ਆਉਂਦਾ ਹੈ ਅਤੇ ਪਿਸ਼ਾਬ ਦਾ ਰੰਗ ਵੀ ਬਦਲ ਜਾਂਦਾ ਹੈ। ਲੈਪਟੋਸਪਾਇਰੋਸਿਸ ਬਿਮਾਰੀ ਵਿਚ ਪਿਸ਼ਾਬ ਦੇ ਨਾਲ ਨਾਲ ਦੁੱਧ ਵਿਚ ਵੀ ਲਹੂ ਆਉਂਦਾ ਹੈ।

**ਇਲਾਜ** : ਬਿਮਾਰੀ ਦੀ ਪਹਿਚਾਣ ਲੱਛਣਾਂ ਤੋਂ ਅਤੇ ਖੂਨ ਦੀ ਜਾਂਚ ਦੁਆਰਾ ਕੀਤੀ ਜਾਂਦੀ ਹੈ। ਜੇ ਮੁੱਖ ਲੱਛਣ ਨਾ ਦਿਖਾਈ ਦੇਣ ਤਾਂ ਪੀ.ਸੀ.ਆਰ ਵਰਗੇ ਆਧੁਨਿਕ ਟੈਸਟਾਂ ਨਾਲ ਇਸ ਦਾ ਪਤਾ ਲਾਇਆ ਜਾ ਸਕਦਾ ਹੈ। ਰੋਕਥਾਮ ਲਈ ਪਸ਼ੂ ਸ਼ੈਡਾਂ ਅੰਦਰ ਚਿੱਚੜਾਂ ਦੇ ਖਾਤਮੇ ਲਈ ਨਿਯਮਿਤ ਸਪਰੇਅ ਕਰਨਾ ਜ਼ਰੂਰੀ ਹੈ।

**ਮਧੂ ਸ਼ੈਲੀ, ਡਾਇਰੈਕਟਰ ਪਸਾਰ ਸਿਖਿਆ, ਪੀ.ਏ.ਯੂ. ਲੁਧਿਆਣਾ, ਮੋਬਾਇਲ : 9643442427**



### ਅੰਤਰਰਾਸ਼ਟਰੀ ਯੋਗ ਦਿਵਸ 'ਤੇ ਵਿਸ਼ੇਸ਼

# ਯੋਗ ਨਾਲ ਕਿਸੇ ਵੀ ਬਿਮਾਰੀ ਨੂੰ ਠੀਕ ਕੀਤਾ ਜਾ ਸਕਦਾ ਹੈ

ਇਸ਼ਟਪਾਲ ਵਿੱਕੀ,
ਯੋਗ ਮਾਹਿਰ, ਉਪ ਵੈਦ
ਮੋ. 98725-65003

ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਜੀ ਯੋਗ ਉੱਤੇ ਬਹੁਤ ਜ਼ਿਆਦਾ ਧਿਆਨ ਦਿੰਦੇ ਹਨ ਅਤੇ ਲਗਾਤਾਰ ਇਸਦਾ ਪ੍ਰਸਾਰ ਕਰ ਰਹੇ ਹਨ। ਪਹਿਲਾਂ ਵਾਲੇ ਸਾਲਾਂ ਵਿਚ ਤਾਂ ਇਹ ਦਿਨ ਆਮ ਤਿਉਹਾਰਾਂ ਵਾਂਗ ਹੀ ਲੋਕਾਂ ਨੇ ਮਨਾਉਣਾ ਸ਼ੁਰੂ ਕਰ ਦਿੱਤਾ ਸੀ। ਪਰ ਕੋਰੋਨਾ ਕਰਕੇ ਇਹ ਪਹਿਲਾਂ ਵਾਂਗ ਨਹੀਂ ਮਨਾ ਸਕੇ। ਪਰ ਇਸ ਵਾਰ ਫਿਰ ਇਹ ਤਿਉਹਾਰ 21 ਜੂਨ ਨੂੰ ਬਹੁਤ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਨਾਲ ਹੀ ਲੋਕਾਂ ਦੀ ਮੰਗ 'ਤੇ ਯੋਗ ਕਲਾਸਾਂ ਪੰਜਾਬ ਵਿਚ ਵੀ ਸ਼ੁਰੂ ਹੋ ਗਈਆਂ ਹਨ। ਪੰਜਾਬ ਦੇ ਲੋਕਾਂ ਨੂੰ ਇਸਦਾ ਬਹੁਤ ਲਾਭ ਮਿਲੇਗਾ। ਇਹ ਪੰਜਾਬ ਦੇ ਲੋਕਾਂ ਲਈ ਮੁਫ਼ਤ ਹੈ ਅਤੇ ਇਸਦਾ ਨਾਂ 'ਸੀ ਐਮ ਦੀ ਯੋਗਸ਼ਾਲਾ' ਹੈ।

ਸਵੇਰ ਸਮੇਂ ਜਲਦੀ ਉੱਠ ਕੇ ਸਭ ਤੋਂ ਪਹਿਲਾਂ ਸਰੀਰ ਦੀ ਸ਼ੁੱਧੀ ਕਰੋ। ਇਸ ਤਰ੍ਹਾਂ ਕਰਨ ਲਈ ਸਾਨੂੰ ਯੋਗ ਦੇ ਸ਼ਟਕਰਮ ਭਾਗ ਦੀਆਂ ਕਿਰਿਆਵਾਂ ਕਰਨੀਆਂ ਪੈਣਗੀਆਂ। ਜਲਨੇਤੀ ਅਤੇ ਕੁੰਜ਼ਲ ਕਿਰਿਆ ਕਰਨ ਨਾਲ ਸਾਡੇ ਸਰੀਰ ਦੀ ਗੰਦਗੀ ਬਾਹਰ ਨਿਕਲ ਜਾਵੇਗੀ। ਸਰੀਰ ਅੰਦਰ ਜੰਮਿਆਂ ਨਜ਼ਲਾ ਬਾਹਰ ਆ ਜਾਂਦਾ ਹੈ ਅਤੇ ਭੋਜਨ ਨਲੀ ਸਾਫ ਹੋ ਜਾਂਦੀ ਹੈ। ਫਿਰ ਕੁਝ ਸਮਾਂ ਅਸੀਂ ਕਪਾਲਭਾਤੀ ਸ਼ਟਕਰਮ ਦਾ ਅਭਿਆਸ ਕਰ ਸਕਦੇ ਹਾਂ। ਇਹ ਸਭ ਕੁਝ ਕਰਕੇ 5 ਤੋਂ 10 ਮਿੰਟ ਸਵਾਸਣ ਦਾ ਅਭਿਆਸ ਕਰੋ। ਇਸ ਤੋਂ ਬਾਅਦ ਆਸਨਾਂ ਦਾ ਅਭਿਆਸ ਕਰਾਂਗੇ। 30-35 ਮਿੰਟਾ ਵਿਚ ਅਸੀਂ ਹਰ ਆਸਨ 2-3 ਮਿੰਟਾਂ ਦੇ ਹਿਸਾਬ ਨਾਲ ਕਰ ਸਕਦੇ ਹਾਂ। ਜਿਸ ਵਿਚ ਸੂਰਜ ਨਮਸਕਾਰ, ਵਜ਼ਰਾਸਨ, ਮੰਡੂਕਾਸਨ, ਗੋਮੁੱਖਾਸਨ, ਪੱਛਮਓਤਾਨਾਸਨ, ਮਤੱਸਿਆਸਨ, ਉਤਾਨਪਾਦਾਸਨ, ਪਦਮਾਸਨ, ਤਾੜਾਸਨ, ਉਤਕਟਾਸਨ, ਸਰਵਾਂਗਾਸਨ, ਹਲਾਸਨ, ਭਜੰਗਾਸਨ। ਆਸਨਾਂ ਦੇ ਅਭਿਆਸ ਤੋਂ ਬਾਅਦ ਪ੍ਰਾਣਾਯਾਮ ਸ਼ੁਰੂ ਕਰ ਸਕਦੇ ਹਾਂ ਜਿਸ ਨਾਲ ਸਰੀਰ ਦੀ ਥਕਾਵਟ ਦੂਰ ਹੋ ਕੇ ਸਰੀਰ ਵਿਚ ਨਵੀਂ ਊਰਜਾ ਭਰ ਜਾਵੇਗੀ। 15-20 ਮਿੰਟਾਂ ਦੇ ਪ੍ਰਾਣਾਯਾਮਾਂ ਵਿਚ ਨਾੜੀ ਸ਼ੋਧਨ, ਅਨੋ ਲੋਮ ਵਿਲੋਮ, ਭ੍ਰਾਮਰੀ, ਸ਼ੀਤਲੀ, ਉਜਾਈ, ਬਸਤਰੀਕਾ ਆਦਿ ਪ੍ਰਾਣਾਯਾਮਾਂ ਦੇ ਅਭਿਆਸ ਕਰ ਸਕਦੇ ਹਾਂ। ਆਸਨਾਂ ਦੇ ਅਭਿਆਸ 10-15 ਮਿੰਟ ਮੈਡੀਟੇਸ਼ਨ ਕਰ ਸਕਦੇ ਹਾਂ ਜਿਸ ਨਾਲ ਮਨ ਤਣਾਅ ਰਹਿਤ ਹੋ ਜਾਵੇਗਾ। ਯੋਗ ਅਭਿਆਸ ਕਿਸੇ ਯੋਗ ਮਾਹਿਰ ਦੀ ਸਲਾਹ ਨਾਲ ਹੀ ਕਰੋ।

ਇਸ ਤਰ੍ਹਾਂ ਦੇ ਅਭਿਆਸ ਸਾਨੂੰ ਸਿਰਫ ਯੋਗ ਦਿਵਸ ਵਾਲੇ ਦਿਨ ਹੀ ਨਹੀਂ ਕਰਨੇ ਚਾਹੀਦੇ ਸਗੋਂ ਹਰ ਰੋਜ਼ ਕਰਨੇ ਚਾਹੀਦੇ ਹਨ। ਯੋਗ ਨਾਲ ਰੋਗਾਂ ਤੋਂ ਲੜਨ ਦੀ ਸ਼ਕਤੀ ਵਧਾ ਕੇ ਬੀਮਾਰੀਆਂ ਤੋਂ ਬਚਿਆ ਜਾ ਸਕਦਾ ਹੈ। ਕੋਰੋਨਾ ਮਹਾਂਮਾਰੀ ਵਿਚ ਯੋਗ ਅਭਿਆਸ ਦਾ ਬਹੁਤ ਮਹੱਤਵਪੂਰਨ ਰੋਲ ਸੀ। ਮੈਂ 2010 ਤੋਂ ਲਗਾਤਾਰ ਯੋਗ ਰਾਹੀਂ ਲੋਕਾਂ ਦੀ ਸੇਵਾ ਕਰ ਰਿਹਾ ਹਾਂ। ਯੋਗ ਦੇ ਸ਼ਟਕਰਮ - ਸਰੀਰ ਦੀ ਅੰਦਰੋਂ ਸ਼ੁੱਧੀ ਕਰਕੇ ਰੋਗ ਮੁਕਤ ਕਰ ਦਿੰਦੇ ਹਨ।

#### ਆਸਨ

ਸਰੀਰ ਦੀਆਂ ਹੱਡੀਆਂ, ਮਾਸਪੇਸ਼ੀਆਂ ਨੂੰ ਠੀਕ ਕਰਨ ਦੇ ਨਾਲ-ਨਾਲ ਸਰੀਰ ਨੂੰ ਲਚਕੀਲਾ ਬਣਾਉਂਦੇ ਹਨ ਅਤੇ ਕਈ ਬੀਮਾਰੀਆਂ ਨੂੰ ਠੀਕ ਕਰਦੇ ਹਨ।

#### ਮੈਡੀਟੇਸ਼ਨ

ਸਰੀਰ ਨੂੰ ਤਣਾਅ ਮੁਕਤ ਕਰਦੀ ਹੈ। ਦਿਮਾਗ ਨੂੰ ਸੰਤੁਲਨ ਵਿਚ ਰੱਖਦੀ ਹੈ। ਇਸ ਲਈ ਜਦੋਂ ਵੀ ਸਮਾਂ ਮਿਲੇ ਮੈਡੀਟੇਸ਼ਨ ਜਾਂ ਤਰਾਟਕ ਕਿਰਿਆ ਕਰੋ। ਸਵੇਰ ਵੇਲੇ ਉਠਣ ਸਾਰ ਅਤੇ ਰਾਤ ਨੂੰ ਸੌਣ ਤੋਂ ਪਹਿਲਾਂ ਮੈਡੀਟੇਸ਼ਨ ਬਹੁਤ ਲਾਭਦਾਇਕ ਹੈ।





#### ਪ੍ਰਾਣਾਯਾਮ

ਸਰੀਰ ਦੀਆਂ ਨਾੜੀਆਂ ਨੂੰ ਸ਼ੁੱਧ ਕਰਦੇ ਹਨ ਅਤੇ ਸਾਹਾਂ ਦਾ ਪ੍ਰਸਾਰ ਕਰਦੇ ਹਨ। ਸਾਡੇ ਸਰੀਰ ਦੇ ਅੰਦਰ ਤਿੰਨ ਮੁੱਖ ਨਾੜੀਆਂ ਹੁੰਦੀਆਂ ਹਨ। ਈੜਾ, ਪਿੰਗਲਾ ਅਤੇ ਸੁਕਸ਼ਮਨਾ। ਸਾਡੇ ਸਰੀਰ ਦੀ ਖੱਬੀ ਨਾਸਿਕਾ ਈੜਾ, ਸੱਜੀ ਨਾਸਿਕਾ ਪਿੰਗਲਾ ਅਤੇ ਮੱਧ ਵਿਚ ਸੁਕਸ਼ਮਨਾ ਨਾੜੀ ਰਹਿੰਦੀ ਹੈ। ਇਹ ਨਾੜੀਆਂ ਦਿਮਾਗ ਵਿਚ ਰਕਤ ਪ੍ਰਵਾਹ ਕਰਦੀਆਂ ਹਨ ਅਤੇ ਵਿਚਾਰ ਸਰੀਰ ਵਿਚ ਲਿਆਉਂਦੀਆਂ ਹਨ। ਪ੍ਰਾਣਾਯਾਮ ਇਨ੍ਹਾਂ ਨਾੜੀਆਂ ਨੂੰ ਸ਼ੁੱਧ ਕਰਕੇ ਦਿਮਾਗ ਵਿਚ ਰਕਤ ਪ੍ਰਵਾਹ ਠੀਕ ਕਰਦੇ ਹਨ ਅਤੇ ਵਿਚਾਰਾਂ ਉੱਤੇ ਨਿਯੰਤਰਣ ਰੱਖਦੇ ਹਨ। ਸਾਹ ਸੰਬੰਧੀ ਰੋਗ ਠੀਕ ਹੋ ਜਾਂਦੇ ਹਨ। ਫੇਫੜੇ ਮਜ਼ਬੂਤ ਹੁੰਦੇ ਹਨ।

# ਪੁਰਾਤਨ ਬਜ਼ੁਰਗਾਂ ਧਰਤੀ ਨੂੰ ਮੱਥਾ ਟੇਕਦੇ ਸਨ



ਜਗਜੀਤ ਸਿੰਘ ਝੱਤਰਾ,
ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,
ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028
ਮੋ: 7814490249

ਖੇਤੀ ਦਾ ਕੰਮ ਸ਼ੁਰੂ ਹੋਣ ਤੋਂ ਪਹਿਲੇ ਹੀ ਬਜ਼ੁਰਗ ਸ੍ਰੀ ਚੰਦ ਲਛਮਣ ਜਤੀ ਆਦਿ ਆਪਣੇ ਦੇਵੀ ਦੇਵਤਿਆਂ ਨੂੰ ਧਿਆਉਂਦੇ ਸਨ ਅਤੇ ਕਹਿੰਦੇ ਸਨ ਇਹ ਖੇਤੀ ਦਾ ਧੰਦਾ ਤਪੱਸਿਆ ਵਰਗਾ ਹੈ ਅਤੇ ਧਰਤੀ ਦੇ ਮੱਥਾ ਟੇਕਦੇ ਤੇ ਮੁੱਠੀ ਭਰ ਮਿੱਟੀ ਚੁੱਕ ਕੇ ਮੱਥੇ ਨੂੰ ਲਾਉਂਦੇ ਸਨ। ਗਰਮੀ ਸਰਦੀ ਵਿਚ ਬਿਨ੍ਹਾਂ ਪ੍ਰਵਾਹ ਕੀਤਿਆਂ ਕਿਸਾਨ ਦੇ ਕੰਮਾਂ ਨੂੰ ਭਗਤੀ ਕਰਨ ਦੇ ਬਰਾਬਰ ਗਿਣਿਆ ਜਾਂਦਾ ਸੀ। ਇਸ ਵਿਚ ਕਿਸੇ ਕਿਸਮ ਦੀ ਬੇਇਮਾਨੀ, ਭ੍ਰਿਸ਼ਟਾਚਾਰ, ਠੱਗੀ ਧੋਖੀ ਦੀ ਗੁੰਜਾਇਸ਼ ਨਹੀਂ ਸੀ ਹੁੰਦੀ। ਕਿਸਾਨ ਦੀ ਦਸਾਂ ਨੌਹਾਂ ਦੀ ਕਿਰਤ ਦੀ ਕਮਾਈ ਹੁੰਦੀ ਸੀ। ਇਸ ਲਈ ਖੇਤੀ ਨੂੰ ਸਭ ਤੋਂ ਉੱਤਮ ਕੰਮ ਸਮਝਿਆ ਜਾਂਦਾ ਸੀ। ਜਦ ਬਜ਼ੁਰਗ ਹਲ ਜੋੜਦੇ ਸਨ। ਇਕ ਡਲਾ ਚੁੱਕ ਕੇ ਮੂੰਨੇ ਤੇ ਮਾਰਦੇ ਸਨ। ਨਾਲ ਹੀ ਬੱਲਦਾਂ ਨੂੰ ਹੁੱਜ ਮਾਰ ਕੇ ਸਿੱਜਦਾ ਕਰਦੇ ਬੋਲਦੇ ਸਨ। ਕਰੋ ਧਰਤੀ ਮਾਤਾ ਨੂੰ ਯਾਦ ਕਰੋ, ਕਰੋ ਜਤੀ ਸਤੀ ਸ੍ਰੀ ਚੰਦ ਨੂੰ ਯਾਦ, ਸ਼ਕਤੀ ਦੇਹ ਮਾਲਕ ਜਦੋਂ ਬਾਬੇ ਬਿਜਾਈ ਕਰਦੇ ਤਾਂ ਪਹਿਲਾਂ ਹੀ ਧਰਤੀ ਨੂੰ ਸਿੱਜਦਾ ਕਰਕੇ ਇਕ ਮੁੱਠ ਦਾਣਿਆਂ ਦੀ ਜਨੌਰਾਂ ਨੂੰ ਖਿਲਾਰ ਦਿੰਦੇ ਕਿ ਜਾਨਵਰ ਚੁੱਗ ਲੈਣਗੇ ਅਤੇ ਕਹਿੰਦੇ ਸਨ ਕਿ ਧਰਤੀ ਪਵਿੱਤਰ ਹੈ। ਜਿਹੜੀ ਮਨੁੱਖਤਾ ਨੂੰ ਸਭ ਕੁਝ ਦਾਨ ਦੇ ਰੂਪ ਵਿਚ ਅਦਾ ਕਰਦੀ ਹੈ। ਇਸ ਦੇ ਮੁਕਾਬਲੇ ਕੁੱਝ ਮੰਗਦੀ ਨਹੀਂ ਉਹਨਾਂ ਵੇਲਿਆਂ ਵਿਚ ਲੋਕ ਧਰਤੀ ਦੀ ਪੂਜਾ ਕਰਦੇ ਸਨ। ਅੱਜ ਧਰਤੀ ਦੀ ਪਵਿੱਤਰਤਾ ਨੂੰ ਪ੍ਰਦੂਸ਼ਣ ਫੈਲਾਅ ਕੇ ਕਿਵੇਂ ਦਿਨ ਰਾਤ ਭੰਗ ਕੀਤਾ ਜਾ ਰਿਹਾ ਹੈ। ਸਰਬਤ ਦਾ ਭਲਾ ਕਰਨਾ ਸਾਨੂੰ ਸਾਡੇ ਗੁਰੂਆਂ ਨੇ ਸਿਖਾਇਆ ਪਰ ਮਨੁੱਖ ਗੁਰੂਆਂ ਦਾ ਰਸਤਾ ਛੱਡ ਕੇ ਕੁਰਾਹੇ ਚੱਲ ਪਿਆ ਹੈ ਤਾਂ ਹੀ ਮਨੁੱਖ ਦੁੱਖਾਂ ਵਿਚ ਗ੍ਰਸਤ ਹੋਇਆ ਹੈ। ਪਰ ਵਰਤਮਾਨ ਯੁੱਗ ਵਿਚ ਸਦੀਆਂ ਤੋਂ ਆ ਕੇ ਰਹੀਆਂ ਪਰੰਪਰਾਵਾਂ ਝੁਠੀਆਂ ਪੈ ਗਈਆਂ ਅਤੇ ਧਰਤੀ ਨੂੰ ਅੱਗ ਲਗਾ ਕੇ ਬਨਸਪਤੀ ਨੂੰ ਸਾੜਿਆ ਜਾ ਰਿਹਾ ਹੈ। ਮਨੁੱਖ ਕਿਥੋਂ ਸੁੱਖ ਪ੍ਰਾਪਤ ਕਰੇਗਾ।

## ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਵੱਲੋਂ

# ਸਤੰਬਰ 2024 ਦੇ ਕਿਸਾਨ ਮੇਲੇ ਦੇ ਸਨਮਾਨਾਂ ਲਈ ਅਰਜ਼ੀਆਂ ਦੀ ਮੰਗ

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਦੇ ਡਾਇਰੈਕਟੋਰੇਟ ਪਸਾਰ ਸਿੱਖਿਆ ਵੱਲੋਂ ਹਰ ਸਾਲ ਵਾਂਗ ਸਤੰਬਰ ਮਹੀਨੇ ਦੇ ਕਿਸਾਨ ਮੇਲੇ ਤੇ ਸਨਮਾਨਿਤ ਕੀਤੇ ਜਾਣ ਵਾਲੇ ਅਗਾਂਹਵਧੂ ਕਿਸਾਨਾਂ ਅਤੇ ਕਿਸਾਨ ਬੀਬੀਆਂ ਤੋਂ ਨਾਮਜ਼ਦਗੀਆਂ ਮੰਗੀਆਂ ਜਾਂਦੀਆਂ ਹਨ। ਪੁਰਸਕਾਰਾਂ ਦਾ ਵੇਰਵਾ ਇਸ ਪ੍ਰਕਾਰ ਹੈ।

**ਸ. ਦਲੀਪ ਸਿੰਘ ਧਾਲੀਵਾਲ ਪੁਰਸਕਾਰ** : ਉਨ੍ਹਾਂ ਕਿਸਾਨਾਂ ਨੂੰ ਦਿੱਤਾ ਜਾਵੇਗਾ ਜੋ ਆਪਣੇ ਖੇਤਾਂ ਵਿਚ ਖੁਦ ਫਸਲਾਂ ਉਗਾਉਂਦੇ ਹਨ। ਇਸ ਪੁਰਸਕਾਰ ਵਿਚ 5000/- ਰੁਪਏ ਦੀ ਰਾਸ਼ੀ ਤੋਂ ਇਲਾਵਾ ਸਨਮਾਨ ਪੱਤਰ ਵੀ ਸ਼ਾਮਲ ਹੈ।

**ਪਰਵਾਸੀ ਭਾਰਤੀ ਪੁਰਸਕਾਰ** : ਇਹ ਪੁਰਸਕਾਰ ਵੰਨ-ਸਵੰਨੀ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਦਿੱਤਾ ਜਾਵੇਗਾ। ਇਸ ਪੁਰਸਕਾਰ ਵਿਚ 8000/- ਰੁਪਏ ਦੀ ਧਨ ਰਾਸ਼ੀ ਤੋਂ ਇਲਾਵਾ ਸ਼ਲਾਘਾ ਪੱਤਰ ਵੀ ਦਿੱਤਾ ਜਾਵੇਗਾ।

**ਸ. ਉਜਾਗਰ ਸਿੰਘ ਧਾਲੀਵਾਲ ਯਾਦਗਾਰੀ ਪੁਰਸਕਾਰ** : ਉਨ੍ਹਾਂ ਕਿਸਾਨਾਂ ਨੂੰ ਦਿੱਤਾ ਜਾਵੇਗਾ ਜਿਹੜੇ ਆਪਣੀ ਕੁੱਲ ਜ਼ਮੀਨ ਵਿੱਚੋਂ 60 ਫੀਸਦੀ ਰਕਬੇ 'ਤੇ ਸਬਜ਼ੀਆਂ ਬੀਜਦੇ ਹਨ। ਇਸ ਪੁਰਸਕਾਰ ਵਿਚ 3100/- ਰੁਪਏ ਦੀ ਧਨ ਰਾਸ਼ੀ ਤੋਂ ਇਲਾਵਾ ਸ਼ਲਾਘਾ ਪੱਤਰ ਵੀ ਦਿੱਤਾ ਜਾਵੇਗਾ।

**ਸ. ਸੁਰਜੀਤ ਸਿੰਘ ਢਿੱਲੋਂ ਪੁਰਸਕਾਰ** : ਇਸ ਪੁਰਸਕਾਰ ਪੰਜ ਏਕੜ ਤੋਂ ਘੱਟ ਮਾਲਕੀ ਵਾਲੇ ਅਗਾਂਹਵਧੂ ਕਿਸਾਨਾਂ ਨੂੰ ਦਿੱਤਾ ਜਾਵੇਗਾ ਜੋ ਖੁਦ ਖੇਤੀ ਕਰਦੇ ਹੋਣ। ਇਸ ਸਨਮਾਨ ਦੀ ਰਾਸ਼ੀ 5000/- ਰੁਪਏ ਹੋਵੇਗੀ।

**ਸਰਦਾਰਨੀ ਜਗਬੀਰ ਕੌਰ ਯਾਦਗਾਰੀ ਅਗਾਂਹਵਧੂ ਕਿਸਾਨ ਬੀਬੀਆਂ ਲਈ ਪੁਰਸਕਾਰ** : ਇਹ ਇਨਾਮ ਸਿਰਫ ਅਗਾਂਹਵਧੂ ਕਿਸਾਨ ਬੀਬੀਆਂ ਲਈ ਹੀ ਰਾਖਵਾਂ ਹੈ। ਇਸ ਵਿਚ ਕਿਸਾਨ ਬੀਬੀ ਨੂੰ 3100/- ਰੁਪਏ ਦੀ ਧਨ ਰਾਸ਼ੀ ਤੋਂ ਇਲਾਵਾ ਸ਼ਲਾਘਾ ਪੱਤਰ ਵੀ ਦਿੱਤਾ ਜਾਵੇਗਾ।

**ਭਾਈ ਬਾਬੂ ਸਿੰਘ ਵਧੀਆ ਛੱਪੜ ਲਈ ਪੁਰਸਕਾਰ** : ਇਸ ਪੁਰਸਕਾਰ ਲਈ ਛੱਪੜ 4 ਫੁੱਟ ਡੂੰਘਾ ਅਤੇ ਘੱਟ-ਘੱਟ ਰਕਬਾ 2 ਕਨਾਲ ਹੋਵੇ। ਛੱਪੜ ਦੇ ਪਾਣੀ ਦੀ ਸਫਾਈ, ਰੱਖ-ਰਖਾਵ ਅਤੇ ਪਾਣੀ ਦੀ ਵਰਤੋਂ ਦੇ ਆਧਾਰ ਤੇ ਪੁਰਸਕਾਰ ਦਿੱਤਾ ਜਾਵੇਗਾ। ਇਸ ਵਿਚ ਪਿੰਡ/ਕਸਬੇ ਦੀ ਪੰਚਾਇਤ ਨੂੰ ਆਪਣੇ ਪਿੰਡ ਜਾਂ ਕਸਬੇ ਦੇ ਸਭ ਤੋਂ ਵਧੀਆ ਛੱਪੜ ਲਈ 20,000/- ਰੁਪਏ ਦੀ ਰਾਸ਼ੀ, ਸਨਮਾਨ ਚਿੰਨ੍ਹ ਅਤੇ ਸ਼ਲਾਘਾ ਪੱਤਰ ਦਿੱਤਾ ਜਾਵੇਗਾ।

ਇਹ ਸਾਰੇ ਪੁਰਸਕਾਰ ਸਤੰਬਰ ਮਹੀਨੇ ਹੋਣ ਵਾਲੇ ਕਿਸਾਨ ਮੇਲੇ ਵਿਚ ਦਿੱਤੇ ਜਾਣਗੇ। ਇਨ੍ਹਾਂ ਪੁਰਸਕਾਰਾਂ ਲਈ ਨਾਮਜ਼ਦਗੀਆਂ ਭੇਜਣ ਵਾਸਤੇ ਅਗਾਂਹਵਧੂ ਕਿਸਾਨਾਂ/ਕਿਸਾਨ ਬੀਬੀਆਂ ਆਪੋ-ਆਪਣੇ ਜ਼ਿਲ੍ਹਿਆਂ ਦੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਦੇ ਡਿਪਟੀ ਡਾਇਰੈਕਟਰ ਸਾਹਿਬਾਨ, ਖੇਤੀ ਖੋਜ ਕੇਂਦਰਾਂ ਦੇ ਡਾਇਰੈਕਟਰ ਸਾਹਿਬਾਨ, ਜ਼ਿਲ੍ਹਾ ਪਸਾਰ ਮਾਹਿਰਾਂ ਦੇ ਦਫਤਰ, ਮੁੱਖ ਖੇਤੀਬਾੜੀ ਅਫਸਰ, ਬਾਗਬਾਨੀ ਵਿਭਾਗ ਦੇ ਡਿਪਟੀ ਡਾਇਰੈਕਟਰ ਸਾਹਿਬਾਨ ਅਤੇ ਪਸਾਰ ਸਿੱਖਿਆ ਡਾਇਰੈਕਟੋਰੇਟ ਦੇ ਮੁੱਖ ਦਫਤਰ ਲੁਧਿਆਣਾ ਤੋਂ ਨਿਸ਼ਚਿਤ ਫਾਰਮ ਹਾਸਲ ਕਰ ਸਕਦੇ ਹਨ। ਇਹ ਫਾਰਮ ਭਰਨ ਉਪਰੰਤ 15 ਜੁਲਾਈ, 2024 ਤੱਕ ਨਿਰਦੇਸ਼ਕ ਪਸਾਰ ਸਿੱਖਿਆ, ਪੀ. ਏ. ਯੂ., ਲੁਧਿਆਣਾ ਦੇ ਮੁੱਖ ਦਫਤਰ ਤੱਕ ਪਹੁੰਚਾਉਣੇ ਜ਼ਰੂਰੀ ਹਨ। ਹਰ ਪੁਰਸਕਾਰ ਲਈ ਵੱਖਰੀ-ਵੱਖਰੀ ਅਰਜ਼ੀ ਪ੍ਰਵਾਨ ਕੀਤੀ ਜਾਵੇਗੀ।

**ਹੋਰ ਜਾਣਕਾਰੀ ਲਈ ਸੰਪਰਕ ਕਰੋ :**

ਡਾ. ਮੱਖਣ ਸਿੰਘ ਭੁੱਲਰ,
ਨਿਰਦੇਸ਼ਕ ਪਸਾਰ ਸਿੱਖਿਆ,
ਪੰਜਾਬ ਐਗਰੀਕਲਚਰਲ
ਯੂਨੀਵਰਸਿਟੀ, ਲੁਧਿਆਣਾ
ਫੋਨ 0161-2401960 ਐਕਸ. 214

**ਅਰਜ਼ੀਆਂ ਭੇਜਣ ਦੀ ਆਖਰੀ ਮਿਤੀ : 15 ਜੁਲਾਈ, 2024**

# ਲੀਚੀ ਦੀ ਬਾਗਬਾਨੀ ਵਿੱਚ ਵੱਧ ਰਿਹਾ ਬਟਾਲਾ ਦਾ ਰਕਬਾ

## 50 ਏਕੜ ਜ਼ਮੀਨ ਠੇਕੇ ’ਤੇ ਲੈ ਕੇ ਲੀਚੀ ਦੀ ਬਾਗਬਾਨੀ ਕਰ ਰਿਹੈ ਜ਼ਹੀਰ ਖਾਨ

ਗੁਰਦਾਸਪੁਰ ਅਤੇ ਬਟਾਲਾ ਦਾ ਪੇਂਡੂ ਇਲਾਕਾ ਬਹੁਤ ਤੇਜ਼ੀ ਨਾਲ ਲੀਚੀ ਦੀ ਬਾਗਬਾਨੀ ਵਿੱਚ ਉਭਰ ਰਿਹਾ ਹੈ। ਲੀਚੀ ਦੀ ਬਾਗਬਾਨੀ ਕਰਨ ਵਾਲੇ ਕਿਸਾਨ ਇਸ ਨੂੰ ਮੁਨਾਫੇ ਦਾ ਸੌਦਾ ਦੱਸ ਰਹੇ ਹਨ। ਇੰਨਾ ਹੀ ਨਹੀਂ, ਉਹ ਕਿਸਾਨ ਸਾਥੀਆਂ ਤੋਂ ਕਣਕ ਅਤੇ ਝੋਨੇ ਦੇ ਫ਼ਸਲੀ-ਚੱਕਰ ਵਿੱਚੋਂ ਬਾਹਰ ਨਿਕਲਣ ਦੀ ਅਪੀਲ ਕਰ ਰਹੇ ਹਨ। ਜ਼ਹੀਰ ਖਾਨ ਨੇ ਕਰੀਬ 50 ਏਕੜ ਤੋਂ ਜ਼ਿਆਦਾ ਜ਼ਮੀਨ ਠੇਕੇ ’ਤੇ ਲੈ ਕੇ ਲੀਚੀ ਦੀ ਬਾਗਬਾਨੀ ਕੀਤੀ ਹੈ। ਇਸ ਦਾ ਅਸਰ ਇਹ ਹੋ ਰਿਹਾ ਹੈ ਕਿ ਕਈ ਕਿਸਾਨ ਉਨ੍ਹਾਂ ਨਾਲ ਸੰਪਰਕ ਕਰਕੇ ਆਪਣੀ ਜ਼ਮੀਨ ’ਤੇ ਲੀਚੀ ਦੇ ਬਾਗ ਲਗਾਉਣ ਲਈ ਅੱਗੇ ਆ ਰਹੇ ਹਨ।

ਬਟਾਲਾ-ਗੁਰਦਾਸਪੁਰ ਬਾਈਪਾਸ ’ਤੇ ਕੰਡਿਆਲ ਦੇ ਨੇੜੇ ਜ਼ਹੀਰ ਖਾਨ ਨੇ ਦੱਸਿਆ ਕਿ ਉਹ ਮੂਲ ਰੂਪ ਤੋਂ ਸਹਾਰਨਪੁਰ ਉੱਤਰ ਪ੍ਰਦੇਸ਼ ਦੇ ਰਹਿਣ ਵਾਲੇ ਹਨ। ਪਿਛਲੇ 40 ਸਾਲਾਂ ਤੋਂ ਗੁਰਦਾਸਪੁਰ ਅਤੇ ਬਟਾਲਾ ਵਿੱਚ ਜ਼ਮੀਨ ਠੇਕੇ ’ਤੇ ਲੈ ਕੇ ਲੀਚੀ ਦੀ ਬਾਗਬਾਨੀ ਕਰ ਰਹੇ ਹਨ। ਲੀਚੀ ਦੀ ਬਾਗਬਾਨੀ ਮੁਨਾਫੇ ਦਾ ਸੌਦਾ ਹੈ। ਬਸ਼ਰਤੇ ਪੌਦਿਆਂ ਦੀ ਸਹੀ ਦੇਖਭਾਲ ਅਤੇ ਪਰਵਰਿਸ਼ ਕੀਤੀ ਜਾਵੇ। ਇਸ ਇਲਾਕੇ ਵਿੱਚ ਦੇਹਰਾਦੂਨ ਅਤੇ ਕਲਕੱਤੀ ਕਿਸਮ ਦੀ ਲੀਚੀ ਦੀ ਪੈਦਾਵਾਰ ਕੀਤੀ ਜਾਂਦੀ ਹੈ। ਦੇਹਰਾਦੂਨ ਦੀ ਲੀਚੀ ਪਹਿਲਾਂ ਤਿਆਰ ਹੋ ਜਾਂਦੀ ਹੈ ਅਤੇ ਕਲਕੱਤੀ ਲੀਚੀ ਬਾਅਦ ਵਿੱਚ ਹੁੰਦੀ ਹੈ। ਕਲਕੱਤੀ ਲੀਚੀ ਦਾ ਫਲ ਵਧੀਆ ਹੁੰਦਾ ਹੈ ਅਤੇ ਭਰਪੂਰ ਪੈਦਾਵਾਰ ਹੁੰਦੀ ਹੈ। ਇੱਥੇ ਪੈਦਾ ਹੋਣ ਵਾਲੀ ਲੀਚੀ ਦੀ ਇੰਨੀ ਮੰਗ ਹੈ ਕਿ ਕਦੇ ਟੁੱਟਦੀ ਨਹੀਂ। ਫਲ ਦੀ ਗੁਣਵੱਤਾ ਅਨੁਸਾਰ ਇਸ ਦੀ ਗ੍ਰੇਡਿੰਗ ਕੀਤੀ ਜਾਂਦੀ ਹੈ। ਏ-ਗ੍ਰੇਡ ਦੀ ਲੀਚੀ ਵਿਦੇਸ਼ਾਂ ਵਿੱਚ ਐਕਸਪੋਰਟ ਹੁੰਦੀ ਹੈ। ਬੀ-ਗ੍ਰੇਡ ਦੀ ਲੀਚੀ ਦੇਸ਼ ਦੇ ਵੱਡੇ ਸ਼ਹਿਰਾਂ ਵਿੱਚ ਭੇਜੀ ਜਾਂਦੀ ਹੈ ਅਤੇ ਬਾਕੀ ਦੀ ਲੀਚੀ ਲੋਕਲ ਮਾਰਕਿਟ ਵਿੱਚ ਆਸਾਨੀ ਨਾਲ ਖੱਪ ਜਾਂਦੀ ਹੈ।

### ਲੀਚੀ ਦੀ ਦੇਖਭਾਲ ਦੀ ਹਰ ਸਮੇਂ ਜ਼ਰੂਰਤ

ਲੀਚੀ ਦੇ ਪੇੜ ਦੀ ਦੇਖਭਾਲ ਦੀ ਹਰ ਸਮੇਂ ਜ਼ਰੂਰਤ ਰਹਿੰਦੀ ਹੈ, ਸਮੇਂ ਸਿਰ ਖਾਦ-ਪਾਣੀ ਦਿੱਤਾ ਜਾਂਦਾ ਹੈ। ਜਿਵੇਂ ਹੀ ਪੇੜ ’ਤੇ ਫਲ ਆਉਣਾ ਸ਼ੁਰੂ ਹੁੰਦਾ ਹੈ ਤਾਂ ਪਾਣੀ ਦੀ ਜ਼ਰੂਰਤ ਜ਼ਿਆਦਾ ਪੈਂਦੀ ਹੈ, ਸਹੀ ਮਾਤਰਾ ਵਿੱਚ ਪਾਣੀ ਮਿਲਣ ਨਾਲ ਪੇੜ ਫਲ ਨਾਲ ਲੱਦ ਜਾਂਦੇ ਹਨ। ਜ਼ਹੀਰ ਖਾਨ ਨੇ ਦੱਸਿਆ ਕਿ ਉਹ 1984 ਤੋਂ ਗੁਰਦਾਸਪੁਰ-ਬਟਾਲਾ ਦੇ ਇਲਾਕਿਆਂ ਵਿੱਚ ਲੀਚੀ ਦੀ ਬਾਗਬਾਨੀ ਕਰਦੇ ਆ ਰਹੇ ਹਨ। ਉਨ੍ਹਾਂ ਦੀ ਨਰਸਰੀ ਵੀ ਹੈ, ਜਿੱਥੇ ਹਾਈ ਕੁਆਲਿਟੀ ਦੀ ਲੀਚੀ ਦੇ ਪੌਦੇ ਉਪਲੱਬਧ ਰਹਿੰਦੇ ਹਨ। ਉਨ੍ਹਾਂ ਦੱਸਿਆ ਕਿ ਲੀਚੀ ਦੀ ਬਾਗਬਾਨੀ ਲਈ ਪੰਜਾਬ ਦੇ ਹਰ ਖੇਤਰ ਦੀ ਜ਼ਮੀਨ ਵਧੀਆ ਹੈ। ਪਰੰਤੂ ਪਠਾਨਕੋਟ-ਗੁਰਦਾਸਪੁਰ ਅਤੇ ਬਟਾਲਾ ਦੀ ਜ਼ਮੀਨ ਇਸਦੇ ਲਈ ਅਤਿ ਉੱਤਮ ਹੈ। ਇਸ ਜ਼ਮੀਨ ਦੀ ਖਾਸੀਅਤ ਹੈ ਕਿ ਇਸ ਜ਼ਮੀਨ ਵਿੱਚ ਜੇਕਰ ਤੁਸੀਂ ਉਲਟਾ ਪੌਦਾ ਵੀ ਬੀਜ ਦਿੰਦੇ ਹੋ ਤਾਂ ਉਹ ਸਿੱਧਾ ਖੜ੍ਹਾ ਹੋ ਜਾਂਦਾ ਹੈ, ਪਰੰਤੂ ਦੇਖਭਾਲ ਬਹੁਤ ਜ਼ਰੂਰੀ ਹੈ।



### ਕਣਕ-ਝੋਨੇ ਤੋਂ ਜ਼ਿਆਦਾ ਲਾਭ

ਉਹਨਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਕਣਕ ਅਤੇ ਝੋਨੇ ਦੇ ਫ਼ਸਲੀ ਚੱਕਰ ਵਿੱਚੋਂ ਨਿਕਲ ਕੇ ਬਾਗਬਾਨੀ ਅਪਨਾਉਣ। ਬਾਗਬਾਨੀ ਵਿੱਚ ਕਣਕ ਅਤੇ ਝੋਨੇ ਤੋਂ ਕਿਤੇ ਜ਼ਿਆਦਾ ਮੁਨਾਫਾ ਰਹਿੰਦਾ ਹੈ। ਇਸ ਇਲਾਕੇ ਦੀ ਜ਼ਮੀਨ ਬਾਗਬਾਨੀ ਲਈ ਬਹੁਤ ਮੁਫੀਦ ਹੈ। ਉਨ੍ਹਾਂ ਨੇ ਲੀਚੀ ਤੋਂ ਇਲਾਵਾ ਇਸ ਇਲਾਕੇ ਵਿੱਚ ਕੁਝ ਜਗ੍ਹਾਂ ’ਤੇ ਆੜੂ ਦੀ ਸ਼ਾਨੇ ਪੰਜਾਬ ਕਿਸਮ, ਅਮਰੂਦ ਦੀ ਬਰਫਖਾਨਾ ਅਤੇ ਹਿਸਾਰ ਸਫੈਦਾ ਕਿਸਮਾਂ ਲਗਾਈਆਂ ਹਨ। ਅਮਰੂਦ ਦੀ ਬਰਫਖਾਨਾ ਕਿਸਮ ਦਾ ਫਲ ਸਾਈਜ਼ ਵਿੱਚ ਵੱਡਾਹੁੰਦਾ ਹੈ ਅਤੇ ਦੋਵਾਂ ਕਿਸਮਾਂ ਭਰਪੂਰ ਪੈਦਾਵਾਰ ਦਿੰਦੀਆਂ ਹਨ।

# ਬਰਸਾਤ ਰੁੱਤ ਵਿਚ ਭਿੰਡੀ ਦੀ ਕਾਸ਼ਤ

**ਅਮਨਦੀਪ ਕੌਰ, ਸੁਮਨ ਕੁਮਾਰੀ ਅਤੇ ਹਰਿੰਦਰ ਸਿੰਘ,**
**ਕ੍ਰਿਸ਼ੀ ਵਿਗਿਆਨ ਕੇਂਦਰ, ਕਪੂਰਥਲਾ** (ਮੋ. 98155-76071)

ਭਿੰਡੀ ਪੰਜਾਬ ਦੀਆਂ ਮਹੱਤਵਪੂਰਨ ਸਬਜ਼ੀਆਂ ਵਿੱਚੋਂ ਇੱਕ ਹੈ। ਕਾਸ਼ਤ ਦੀਆਂ ਉੱਤਮ ਤਕਨੀਕਾਂ ਅਪਣਾ ਕੇ ਭਿੰਡੀ ਦੀ ਪੈਦਾਵਾਰ ਨੂੰ ਵਧਾਇਆ ਜਾ ਸਕਦਾ ਹੈ।

**ਉੱਨਤ ਕਿਸਮਾਂ :**

**ਪੰਜਾਬ ਲਾਲਿਮਾ** : ਫਲ ਗੂੜ੍ਹੇ ਲਾਲ, ਪਤਲੇ, ਲੰਮੇ ਪੰਜ ਧਾਰੀਆਂ ਵਾਲੇ ਹੁੰਦੇ ਹਨ। ਇਸ ਕਿਸਮ ਵਿਚ ਐਂਥੋਸਾਈਨਨ ਅਤੇ ਆਇਓਡੀਨ ਦੀ ਮਾਤਰਾ ਵਧੇਰੇ ਹੁੰਦੀ ਹੈ। ਇਸ ਕਿਸਮ ਦਾ ਔਸਤ ਝਾੜ 50 ਕੁਇੰਟਲ ਪ੍ਰਤੀ ਏਕੜ ਹੈ।



**ਪੰਜਾਬ ਸੁਹਾਵਨੀ** : ਫਲ ਦਰਮਿਆਨੇ ਲੰਮੇ, ਗੂੜ੍ਹੇ ਹਰੇ, ਨਰਮ ਅਤੇ ਪੰਜ ਨੁੱਕਰਾਂ ਵਾਲੇ ਹੁੰਦੇ ਹਨ। ਇਸ ਕਿਸਮ ਵਿਚ ਐਂਥੋਸਾਈਨਨ ਅਤੇ ਆਇਓਡੀਨ ਦੀ ਮਾਤਰਾ ਵਧੇਰੇ ਹੁੰਦੀ ਹੈ। ਇਸ ਕਿਸਮ ਦਾ ਔਸਤ ਝਾੜ 49 ਕੁਇੰਟਲ ਪ੍ਰਤੀ ਏਕੜ ਹੈ।

**ਪੰਜਾਬ-8** : ਫਲ ਪਤਲੇ, ਲੰਮੇਂ, ਗੂੜ੍ਹੇ ਹਰੇ ਰੰਗ ਦੇ ਅਤੇ ਪੰਜ ਨੁੱਕਰਾਂ ਵਾਲੇ ਹੁੰਦੇ ਹਨ। ਇਸ ਕਿਸਮ ਦਾ ਔਸਤ ਝਾੜ 55 ਕੁਇੰਟਲ ਪ੍ਰਤੀ ਏਕੜ ਹੈ।

**ਪੰਜਾਬ-7** : ਫਲ ਦਰਮਿਆਨੇ ਲੰਮੇ, ਹਰੇ, ਨਰਮ ਅਤੇ ਪੰਜ ਧਾਰੀਆਂ ਵਾਲੇ ਹੁੰਦੇ ਹਨ। ਫਲ ਦੀ ਨੋਕ ਖੁੰਡੀ ਹੁੰਦੀ ਹੈ। ਔਸਤ ਝਾੜ 45 ਕੁਇੰਟਲ ਪ੍ਰਤੀ ਏਕੜ ਹੈ।

**ਪੰਜਾਬ ਪਦਮਨੀ** : ਫਲ ਤੇਜ਼ੀ ਨਾਲ ਵਧਣ ਵਾਲੇ, ਹਰੇ ਪਤਲੇ ਲੰਮੇ, ਅਤੇ ਪੰਜ ਧਾਰੀਆਂ ਵਾਲੇ ਹੁੰਦੇ ਹਨ ਜੋ ਕਿ ਜ਼ਿਆਦਾ ਦੇਰ ਤੱਕ ਨਰਮ ਰਹਿੰਦੇ ਹਨ। ਔਸਤ ਝਾੜ 45 ਕੁਇੰਟਲ ਪ੍ਰਤੀ ਏਕੜ ਹੈ।

**ਜ਼ਮੀਨ ਦੀ ਚੋਣ** : ਭਿੰਡੀ ਵੈਸੇ ਤਾਂ ਹਰ ਤਰ੍ਹਾਂ ਦੀ ਜ਼ਮੀਨ ਵਿਚ ਪੈਦਾ ਕੀਤੀ ਜਾ ਸਕਦੀ ਹੈ, ਪਰ ਹਲਕੀ ਅਤੇ ਰੇਤਲੀ ਮੈਰਾ ਤੋਂ ਮੈਰਾ ਜ਼ਮੀਨ ਇਸ ਫਸਲ ਲਈ ਜ਼ਿਆਦਾ ਢੁੱਕਵੀਂ ਹੈ।

**ਬਿਜਾਈ ਦਾ ਸਮਾਂ ਅਤੇ ਬੀਜ ਦੀ ਮਾਤਰਾ** : ਬਰਸਾਤ ਰੁੱਤ ਵਿਚ ਭਿੰਡੀ ਦੀ ਬਿਜਾਈ ਜੂਨ-ਜੁਲਾਈ ਵਿੱਚ ਪੱਧਰੇ ਕੀਤੀ ਜਾਂਦੀ ਹੈ। ਇੱਕ ਏਕੜ ਵਾਸਤੇ 4-6 ਕਿਲੋ ਬੀਜ ਕਾਫੀ ਹੈ।

**ਬਿਜਾਈ ਦਾ ਢੰਗ** : ਬਿਜਾਈ ਹਮੇਸ਼ਾ ਵੱਤਰ ਵਿਚ ਹੀ ਕਰੋ। ਕਤਾਰ ਤੋਂ ਕਤਾਰ ਦਾ ਫਾਸਲਾ 20 ਸੈਂਟੀਮੀਟਰ ਅਤੇ ਬੂਟੇ ਤੋਂ ਬੂਟੇ ਦਾ ਫਾਸਲਾ 60 ਸੈਂਟੀਮੀਟਰ ਰੱਖਣਾ ਚਾਹੀਦਾ ਹੈ।

**ਖਾਦਾਂ ਦੀ ਵਰਤੋਂ** : 15-20 ਟਨ ਗਲੀ-ਸੜੀ ਰੂੜੀ ਦੀ ਖਾਦ ਨੂੰ ਬਿਜਾਈ ਤੋਂ ਘੱਟੋ-ਘੱਟ ਇੱਕ ਹਫਤਾ ਪਹਿਲਾਂ ਜ਼ਮੀਨ ਵਿਚ ਚੰਗੀ ਤਰ੍ਹਾਂ ਰਲਾਉਣਾ ਚਾਹੀਦਾ ਹੈ। ਚੰਗੀ ਫਸਲ ਲਈ 36 ਕਿਲੋ ਨਾਈਟ੍ਰੋਜਨ (80 ਕਿਲੋ ਯੂਰੀਆ) ਪ੍ਰਤੀ ਏਕੜ ਦਰਮਿਆਨੀਆਂ (ਆਮ) ਜ਼ਮੀਨਾਂ ਵਾਸਤੇ ਸਿਫਾਰਸ਼ ਕੀਤੀ ਜਾਂਦੀ ਹੈ। ਅੱਧੀ ਨਾਈਟ੍ਰੋਜਨ ਬਿਜਾਈ ਵੇਲੇ ਅਤੇ ਅੱਧੀ ਪਹਿਲੀ ਤੁੜਾਈ ਤੋਂ ਬਾਅਦ ਪਾਓ।

**ਨਦੀਨਾਂ ਦੀ ਰੋਕਥਾਮ** : ਭਿੰਡੀ ਦੀ ਫਸਲ ਤੋਂ ਵਧਣ ਝਾੜ ਲੈਣ ਲਈ ਨਦੀਨਾਂ ਦੀ ਰੋਕਥਾਮ ਬਹੁਤ ਜ਼ਰੂਰੀ ਹੈ, ਜੋ ਕਿ 3-4 ਗੋਡੀਆਂ ਰਾਹੀਂ ਕੀਤੀ ਜਾ ਸਕਦੀ ਹੈ। ਪਹਿਲੀ ਗੋਡੀ ਫਸਲ ਦੇ ਉੱਗਣ ਤੋਂ ਦੋ ਹਫਤੇ ਪਿੱਛੋਂ ਕਰੋ। ਬਾਕੀ ਗੋਡੀਆਂ 15 ਦਿਨ ਦੇ ਵਕਫੇ ਤੇ ਕਰਦੇ ਰਹੋ।

**ਪਾਣੀ ਦੀ ਜ਼ਰੂਰਤ** : ਪਹਿਲਾਂ ਪਾਣੀ ਬੀਜ ਜੰਮਣ ਤੋਂ ਬਾਅਦ ਦਿਉ। ਬਰਸਾਤ ਵਿਚ ਪਾਣੀ ਦੀ ਘੱਟ ਲੋੜ ਹੁੰਦੀ ਹੈ, ਸਿੰਚਾਈ ਬਾਰਿਸ਼ ਦੇ ਹਿਸਾਬ ਨਾਲ ਕਰੋ।

ਤੁੜਾਈ ਕਦੋਂ ਤੇ ਕਿਵੇ : ਕਿਸਮ ਅਤੇ ਮੌਸਮ ਮੁਤਾਬਿਕ ਭਿੰਡੀ ਦੀ ਫਸਲ 45 ਤੋਂ 60 ਦਿਨਾਂ ਵਿਚ ਤੁੜਾਈ ਯੋਗ ਹੋ ਜਾਂਦੀ ਹੈ। ਫਲ ਨਾਲ 1 ਸੈਂਟੀਮੀਟਰ ਦੀ ਡੰਡੀ ਰਹਿਣ ਦਿਓ ਅਤੇ ਨਰਮ ਫਲ (10 ਸੈਂਟੀਮੀਟਰ ਲੰਬਾਈ) ਦੀ ਤੁੜਾਈ ਕਰੋ।

**ਫਲਾਂ ਦੀ ਸੰਭਾਲ** : ਜੇਕਰ ਫਲ ਨੂੰ ਪੈਕ ਕਰਕੇ ਸੰਭਾਲਣਾ ਹੋਵੇ ਤਾਂ ਪਲਾਸਟਿਕ ਫਿਲਮ ਦੀ ਪੈਕਿੰਗ ਕੀਤੀ ਜਾਂਦੀ ਹੈ ਅਤੇ ਲਗਭਗ 8 ਸੈਂਟੀਗਰੇਡ ਤਾਪਮਾਨ (90-95% ਨਮੀ) ਤੇ 10-15 ਦਿਨਾਂ ਲਈ ਫਲ ਨੂੰ ਬਿਨਾਂ ਖਰਾਬ ਹੋਏ ਸਾਂਭਿਆ ਜਾ ਸਕਦਾ ਹੈ।

# ਮੋਟਰਾਂ ’ਤੇ ਲੋਡ : ਪੰਜਾਬ ਨੂੰ ਜ਼ਮੀਨੀ ਪਾਣੀ ਦਾ ਜਵਾਬ...

## ਬਿਜਲੀ ਲੋਡ ਵਧਾਉਣ ਲਈ ਪਾਵਰਕੌਮ ਕੋਲ ਪੁੱਜੀਆਂ ਅਰਜ਼ੀਆਂ

ਪੰਜਾਬ ‘ਚ ਜ਼ਮੀਨੀ ਪਾਣੀ ਏਨਾ ਡੂੰਘਾ ਚਲਾ ਗਿਆ ਹੈ ਕਿ ਖੇਤੀ ਮੋਟਰਾਂ ਜਵਾਬ ਦੇਣ ਲੱਗੀਆਂ ਹਨ। ਧਰਤੀ ‘ਚੋਂ ਪਾਣੀ ਕੱਢਣ ਵਾਸਮੇ ਕਿਸਾਨਾਂ ਨੂੰ ਖੇਤੀ ਮੋਟਰਾਂ ਦੇ ਲੋਡ ਵਧਾਉਣੇ ਪੈ ਰਹੇ ਹਨ। ਸੂਬੇ ਵਿਚ ਕਿੰਨੀ ਰਫਤਾਰ ਨਾਲ ਜ਼ਮੀਨੀ ਪਾਣੀ ਹੇਠਾਂ ਵੱਲ ਜਾ ਰਿਹਾ ਹੈ, ਇਸ ਦਾ ਪਤਾ ਬਿਜਲੀ ਲੋਡ ਵਧਾਉਣ ਲਈ ਪਾਵਰਕੌਮ ਕੋਲ ਪੁੱਜੀਆਂ ਅਰਜ਼ੀਆਂ ਤੋਂ ਲੱਗਦਾ ਹੈ। ਇੰਜ ਹੀ ਚੱਲਦਾ ਰਿਹਾ ਤਾਂ ਭਵਿੱਖ ‘ਚ ਜ਼ਮੀਨੀ ਪਾਣੀ ਦੀ ਨਿਕਾਸੀ ਦਾ ਵੱਡਾ ਸੰਕਟ ਬਣ ਜਾਵੇਗਾ। ਉੱਧਰ ਪੰਜਾਬ ‘ਚ ਮੁੜ ਝੋਨੇ ਦੀ ਲੁਆਈ ਨੇ ਜ਼ੋਰ ਫੜ ਲਿਆ ਹੈ।

ਪਾਵਰਕੌਮ ਨੇ ਖੇਤੀ ਮੋਟਰਾਂ ਦਾ ਲੋਡ ਵਧਾਉਣ ਵਾਸਤੇ ਵਿਸ਼ੇਸ਼ ਸਵੈ-ਇੱਛਕ ਸਕੀਮ ਜਾਰੀ ਕੀਤੀ ਹੈ ਜਿਸ ਤਹਿਤ ਬਿਜਲੀ ਲੋਡ ‘ਚ ਵਾਧੇ ਲਈ ਕੁਨੈਕਸ਼ਨ ਫੀਸ 4750 ਰੁਪਏ ਤੋਂ ਘਟਾ ਕੇ 2500 ਰੁਪਏ ਅਤੇ ਸਕਿਉਰਿਟੀ ਰਾਸ਼ੀ 400 ਰੁਪਏ ਤੋਂ ਘਟਾ ਕੇ 200 ਰੁਪਏ ਕੀਤੀ ਗਈ ਹੈ। ਇਹ ਸਕੀਮ 23 ਜੁਲਾਈ ਤੱਕ ਲਾਗੂ ਰਹਿਣੀ ਹੈ। ਲੰਘੇ ਤਿੰਨ ਮਹੀਨਿਆਂ ਵਿਚ (11 ਮਾਰਚ 2024 ਤੋਂ ਹੁਣ ਤੱਕ) ਪੰਜਾਬ ਦੇ 47,227 ਕਿਸਾਨਾਂ ਨੇ ਖੇਤੀ ਮੋਟਰਾਂ ਦੇ ਲੋਡ ਵਧਾਏ ਹਨ ਜਿਸ ਦਾ ਮਤਲਬ ਹੈ ਕਿ ਇਨ੍ਹਾਂ ਕਿਸਾਨਾਂ ਦੀਆਂ ਖੇਤੀ ਮੋਟਰਾਂ ਦਾ ਪਾਣੀ ਡੂੰਘਾ ਚਲਾ ਗਿਆ ਹੈ। ਪਾਵਰਕੌਮ ਨੇ ਇਸ ਤੋਂ ਪਹਿਲਾਂ 9 ਜੂਨ 2022 ਨੂੰ ਵੀ ਬਿਜਲੀ ਲੋਡ ਵਧਾਉਣ ਲਈ ਸਕੀਮ ਜਾਰੀ ਕੀਤੀ ਸੀ ਅਤੇ ਉਦੋਂ 1.96 ਲੱਖ ਕਿਸਾਨਾਂ ਨੇ ਕਰੀਬ ਅੱਠ ਲੱਖ ਬੀ ਐੱਚ ਪੀ ਲੋਡ ਵਧਾਇਆ ਸੀ। ਤੱਥਾਂ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਜ਼ਮੀਨੀ ਪਾਣੀ ਹੇਠਾਂ ਜਾਣ ਕਰਕੇ ਮੋਟਰਾਂ ਦੇ ਲੋਡ ਵਧਾਉਣਾ ਕਿਸਾਨਾਂ ਦੀ ਮਜਬੂਰੀ ਬਣ ਗਿਆ ਹੈ। ਖੇਤੀ ਸੈਕਟਰ ਵਿਚ ਬਿਜਲੀ ਦੀ ਖਪਤ ਲਗਾਤਾਰ ਵਧ ਰਹੀ ਹੈ। ਜੂਨ 2022 ‘ਚ ਕਿਸਾਨਾਂ ਦੀ 180 ਕਰੋੜ ਦੀ ਬੱਚਤ ਹੋਈ ਸੀ। ਲੰਘੇ ਤਿੰਨ ਮਹੀਨਿਆਂ ਵਿਚ ਕਿਸਾਨਾਂ ਦੀ ਕਰੀਬ 50 ਕਰੋੜ ਦੀ ਬੱਚਤ ਹੋਈ ਸੀ। ਹੁਣ ਜੋ ਸਕੀਮ ਚੱਲ ਰਹੀ ਹੈ, ਉਸ ਤਹਿਤ ਪਾਵਰਕੌਮ ਨੂੰ ਬਿਜਲੀ ਲੋਡ ਵਿਚ ਵਾਧੇ ਦੀ ਫੀਸ ਵਜੋਂ 57.37 ਕਰੋੜ ਰੁਪਏ ਪ੍ਰਾਪਤ ਹੋ ਗਏ ਹਨ। ਪੰਜਾਬ ਦਾ ਵੱਡਾ ਹਿੱਸਾ ਡਾਰਕ ਜ਼ੋਨ ਵਿਚ ਚਲਾ ਗਿਆ ਹੈ। ਪੰਜਾਬ ਸਰਕਾਰ ਨੇ ਨਹਿਰੀ ਪਾਣੀ ਖੇਤਾਂ ਤੱਕ ਪੁੱਜਦਾ ਕਰਨ ਵਾਸਤੇ ਉਪਰਾਲੇ ਸ਼ੁਰੂ ਕੀਤੇ ਹਨ। ਕਿਸਾਨਾਂ ਨੂੰ ਝੋਨੇ ਵਾਸਤੇ 11 ਜੂਨ ਤੋਂ ਨਹਿਰੀ ਪਾਣੀ ਦੇਣਾ ਸ਼ੁਰੂ ਕੀਤਾ ਹੈ। ਨਹਿਰਾਂ ਵਿਚ 24 ਹਜ਼ਾਰ ਕਿਊਸਕ ਪਾਣੀ ਛੱਡਿਆ ਗਿਆ ਹੈ। ਮਾਹਿਰ ਆਖਦੇ ਹਨ ਕਿ ਜ਼ਮੀਨੀ ਪਾਣੀ ਨੂੰ ਲੈ ਕੇ ਹੁਣ ਪੰਜਾਬ ਨੂੰ ਸੰਭਲਣਾ ਪੈਣਾ ਹੈ।

### ਲੋਡ ਵਧਾਉਣ ’ਚ ਸੰਗਰੂਰ ਦੇ ਕਿਸਾਨ ਅੱਵਲ

ਜਿਨ੍ਹਾਂ ਜ਼ਿਲ੍ਹਿਆਂ ਵਿਚ ਬਿਜਲੀ ਲੋਡ ਵਿਚ ਵਾਧੇ ਦੀਆਂ ਵੱਧ ਅਰਜੀਆਂ ਆਈਆਂ ਹਨ, ਉਨ੍ਹਾਂ ਵਿਚ ਪਾਣੀ ਤੇਜ਼ੀ ਨਾਲ ਹੇਠਾਂ ਉਤਰ ਰਿਹਾ ਹੈ। ਤਿੰਨ ਮਹੀਨੇ ਦਾ ਅੰਕੜਾ ਦੇਖੀਏ ਤਾਂ ਇੱਕ ਨੰਬਰ ‘ਤੇ ਸਰਕਲ ਸੰਗਰੂਰ ਆਉਂਦਾ ਹੈ ਜਿੱਥੋਂ ਦੇ 7005 ਕਿਸਾਨਾਂ ਨੇ ਬਿਜਲੀ ਦਾ ਲੋਡ ਵਧਾਇਆ ਹੈ ਜਦੋਂ ਕਿ ਦੂਜੇ ਨੰਬਰ ‘ਤੇ ਬਠਿੰਡਾ ਸਰਕਲ ਹੈ ਜਿੱਥੋਂ ਦੇ 6948 ਕਿਸਾਨਾਂ ਨੇ ਖੇਤੀ ਮੋਟਰਾਂ ਦਾ ਲੋਡ ਵਧਾਇਆ ਹੈ। ਪੰਜਾਬ ‘ਚੋਂ ਤੀਜਾ ਨੰਬਰ ਫਰੀਦਕੋਟ ਸਰਕਲ ਦਾ ਹੈ ਜਿੱਥੋਂ ਦੇ 4448 ਕਿਸਾਨਾਂ ਨੇ ਬਿਜਲੀ ਲੋਡ ਵਿਚ ਵਾਧਾ ਕਰਾਇਆ ਹੈ। ਮਾਲਵਾ ਖਿੱਤੇ ਵਿਚ ਜ਼ਮੀਨੀ ਪਾਣੀ ਸਭ ਤੋਂ ਵੱਧ ਹੇਠਾਂ ਵੱਲ ਗਿਆ ਹੈ। ਸਭ ਤੋਂ ਵੱਧ ਪ੍ਰਭਾਵਿਤ ਜ਼ਿਲ੍ਹਿਆਂ ਵਿਚ ਬਠਿੰਡਾ, ਮਾਨਸਾ, ਫਰੀਦਕੋਟ, ਬਰਨਾਲਾ, ਪਟਿਆਲਾ, ਹਸ਼ਿਆਰਪੁਰ, ਤਰਨ ਤਾਰਨ ਆਦਿ ਸ਼ਾਮਲ ਹਨ। ਜ਼ਮੀਨੀ ਪਾਣੀ ਡੂੰਘੇ ਹੋਣ ਦਾ ਮਤਲਬ ਹੈ ਕਿ ਕਿਸਾਨਾਂ ਦੇ ਲਾਗਤ ਖਰਚੇ ਵੀ ਵਧ ਰਹੇ ਹਨ। ਪੰਜਾਬ ਵਿਚ 14.50 ਲੱਖ ਖੇਤੀ ਮੋਟਰਾਂ ਹਨ।



ਵਿਸ਼ੇਸ਼ ਆਫਰ
ਖੇਤੀ ਦੁਨੀਆਂ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ 100/-* ਰੁਪਏ

ਖੇਤੀ ਦੁਨੀਆਂ
ਵੱਲੋਂ
ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ
ਚੰਦਿਆਂ 'ਤੇ ਵਿਸ਼ੇਸ਼ ਛੂਟ
ਡਾਕ ਰਾਹੀਂ ਪ੍ਰਾਪਤ ਕਰਨ ਲਈ ਚੰਦੇ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

Excellence in Agri Info
KHETI DUNIYAN
An Exclusive Agri. Weekly
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com





# ਭਰਾਵੋ! ਢੁੱਕਵੇਂ ਸਮੇਂ 'ਤੇ ਹੀ ਬੂਟੇ ਲਗਾਓ ਅਤੇ ਵਾਤਾਵਰਨ ਨੂੰ ਬਚਾਓ

ਡਾ. ਸਵਰਨ ਸਿੰਘ ਮਾਨ,
ਉਪ ਡਾਇਰੈਕਟਰ ਬਾਗਬਾਨੀ
(ਰਿਟਾਇਰਡ), ਪਟਿਆਲਾ
(ਮੋ. 75080-18903)

ਹਰ ਇੱਕ ਵਿਅਕਤੀ ਨੂੰ ਬੂਟੇ ਲਗਾ ਕੇ ਵਾਤਾਵਰਨ ਨੂੰ ਬਚਾਉਣਾ ਚਾਹੀਦਾ ਹੈ। ਇਸ ਸਮੇਂ ਪੰਜਾਬ ਦਾ ਤਾਪਮਾਨ 42°C ਤੋਂ 46°C ਤੱਕ ਪਹੁੰਚ ਚੁੱਕਾ ਹੈ। ਕਈ ਵਿਅਕਤੀ ਮਈ-ਜੂਨ ਮਹੀਨੇ ਵਿੱਚ ਬੂਟੇ ਲਗਾਉਂਦੇ ਹਨ, ਪਰ ਇਸ ਸਮੇਂ ਬੂਟੇ ਨਹੀਂ ਲਗਾਉਣੇ ਚਾਹੀਦੇ। ਜਦੋਂ ਕਿ ਇਨ੍ਹਾਂ ਮਹੀਨਿਆਂ ਵਿੱਚ ਪਹਿਲਾਂ ਹੀ ਲੱਗੇ ਬੂਟੇ ਗਰਮੀ ਨਾਲ ਮਰ ਰਹੇ ਹਨ, ਕਿਉਂਕਿ ਇਨ੍ਹਾਂ ਦਿਨਾਂ ਵਿੱਚ ਜ਼ਮੀਨ ਅਤੇ ਬੂਟਿਆਂ ਤੋਂ ਪਾਣੀ ਦਾ ਵਾਸ਼ਪੀਕਰਨ ਬਹੁਤ ਜ਼ਿਆਦਾ ਹੁੰਦਾ ਹੈ। ਇਸ ਸਮੇਂ ਨਵੇਂ ਲਗਾਏ ਬੂਟਿਆਂ ਦੀਆਂ ਜੜ੍ਹਾਂ ਵੱਧ-ਫੁੱਲ ਨਹੀਂ ਸਕਣਗੀਆਂ, ਜਿਨ੍ਹਾਂ ਨੇ ਪਾਣੀ ਜਜ਼ਬ ਕਰਨਾ ਹੁੰਦਾ ਹੈ। ਨਤੀਜੇ ਵਜੋਂ ਬੂਟੇ ਜਲਦੀ ਸੁੱਕ ਜਾਂਦੇ ਹਨ। ਬੂਟੇ ਲਗਾਉਣ ਦਾ ਢੁੱਕਵਾਂ ਸਮਾਂ 15 ਜੁਲਾਈ ਤੋਂ 15 ਸਤੰਬਰ ਤੱਕ ਦਾ ਹੁੰਦਾ ਹੈ, ਜਦੋਂ ਮੌਨਸੂਨ ਹਵਾਵਾਂ ਰਾਹੀਂ ਬਾਰਿਸ਼ ਹੁੰਦੀ ਰਹਿੰਦੀ ਹੈ। ਬਰਸਾਤਾਂ ਦੇ ਮੌਸਮ ਵਿਚ ਬੂਟੇ ਜਲਦੀ ਵਿਸਥਾਰ ਕਰਦੇ ਹਨ। ਬੂਟੇ ਲਗਾਉਣ ਲਈ ਬੂਟੇ ਦੇ ਵਿਸਥਾਰ ਅਨੁਸਾਰ ਲਗਾਏ ਜਾਣੇ ਚਾਹੀਦੇ ਹਨ। ਜੇਕਰ ਬੂਟੇ ਦਾ ਵਿਸਥਾਰ ਘੱਟ ਹੋਣਾ ਹੋਵੇ ਤਾਂ 10-15 ਫੁੱਟ ਦੇ ਫਾਸਲੇ 'ਤੇ ਲਾਉਣੇ ਚਾਹੀਦੇ ਹਨ ਅਤੇ ਜੇਕਰ ਬੂਟੇ ਦਾ ਵਿਸਥਾਰ ਜ਼ਿਆਦਾ ਹੋਣਾ ਹੋਵੇ ਤਾਂ 25-30 ਫੁੱਟ ਫਾਸਲੇ 'ਤੇ ਲਾਉਣੇ ਚਾਹੀਦੇ ਹਨ। ਬੂਟੇ ਲਗਾਉਣ ਤੋਂ 10-15 ਦਿਨ ਪਹਿਲਾਂ 1.5 ਫੁੱਟ ਤੋਂ 2 ਫੁੱਟ ਦਾ ਡੂੰਘਾ ਟੋਇਆ ਪੁੱਟਣਾ ਚਾਹੀਦਾ ਹੈ। ਫਿਰ ਉਸ ਵਿਚ ਅੱਧੀ ਉੱਪਰਲੀ ਮਿੱਟੀ ਅਤੇ ਅੱਧੀ ਗਲੀ-ਸੜੀ ਰੂੜੀ ਦੀ ਖਾਦ ਮਿਕਸ ਕਰਕੇ ਪਾਉਣੀ ਚਾਹੀਦੀ ਹੈ। ਜੇਕਰ ਹੋ ਸਕੇ ਤਾਂ ਬੂਟੇ ਲਾਉਣ ਤੋਂ ਪਹਿਲਾਂ ਟੋਇਆਂ ਨੂੰ ਪਾਣੀ ਦੇ ਦੇਣਾ ਚਾਹੀਦਾ ਹੈ। ਇਸ ਨਾਲ ਰੂੜੀ ਦੀ ਗਰਮਾਇਸ਼ ਖਤਮ ਹੋ ਜਾਵੇਗੀ ਅਤੇ ਟੋਇਆਂ ਦੀ ਮਿੱਟੀ ਹੇਠਾਂ ਬੈਠ ਜਾਵੇਗੀ। ਇਹ ਕੰਮ ਜੁਲਾਈ ਦੇ ਪਹਿਲੇ ਪੰਦਰਵਾੜੇ ਦੌਰਾਨ ਕਰ ਲੈਣਾ ਚਾਹੀਦਾ ਹੈ। ਫਿਰ ਬੂਟੇ ਲਗਾਉਣ ਉਪਰੰਤ 20 ਮਿ. ਲਿ. ਕਲੋਰੋਪਾਈਰੀਫਾਸ 20 ਈ. ਸੀ. ਦਵਾਈ 10 ਲਿਟਰ ਪਾਣੀ ਵਿਚ ਘੋਲ ਕੇ ਸਿਉਂਕ ਤੋਂ ਬਚਾਅ ਲਈ ਪਾ ਦੇਣੀ ਚਾਹੀਦੀ ਹੈ। ਜੇਕਰ ਬੂਟਾ ਟੇਡਾ ਹੈ ਤਾਂ ਉਸ ਨੂੰ ਸੋਟੀ ਦਾ ਸਹਾਰਾ ਦਿਓ। ਜੇਕਰ ਬੂਟੇ ਸੜਕਾਂ ਦੇ ਆਲੇ-ਦੁਆਲੇ ਜਾਂ ਕਲੋਨੀਆਂ ਵਿਚ ਲਗਾਉਣੇ ਹਨ ਤਾਂ ਉਨ੍ਹਾਂ ਨੂੰ ਡੰਗਰਾਂ ਤੋਂ ਬਚਾਅ ਲਈ ਟਰੀ ਗਾਰਡ ਜ਼ਰੂਰ ਲਾਉਣੇ ਚਾਹੀਦੇ ਹਨ। ਨਹੀਂ ਤਾਂ ਜਲਦੀ ਹੀ ਡੰਗਰ ਇਨ੍ਹਾਂ ਬੂਟਿਆਂ ਨੂੰ ਖਾ ਜਾਣਗੇ।

ਇਨ੍ਹਾਂ ਨਵੇਂ ਲਗਾਏ ਬੂਟਿਆਂ ਦੀ ਦੇਖਭਾਲ ਬਹੁਤ ਜਰੂਰੀ ਹੈ। ਬੂਟਿਆਂ ਨੂੰ ਹਫਤੇ ਵਿਚ 2 ਵਾਰ ਪਾਣੀ ਲਗਾਉਣਾ ਜਰੂਰੀ ਹੈ। ਕਈ ਵਾਰ ਬੂਟਿਆਂ ਉੱਤੇ ਵੇਲਾਂ ਚੜ੍ਹ ਜਾਂਦੀਆਂ ਹਨ ਅਤੇ ਬੂਟਿਆਂ ਦੀਆਂ ਜੜ੍ਹਾਂ ਵਿਚ ਬਹੁਤ ਜ਼ਿਆਦਾ ਨਦੀਨ ਹੋ ਜਾਂਦੇ ਹਨ। ਇਸ ਲਈ ਘੱਟ ਘੱਟ ਹਰੇਕ ਮਹੀਨੇ ਬੂਟਿਆਂ ਦੀ ਗੋਡੀ ਕਰਦੇ ਰਹਿਣਾ ਚਾਹੀਦਾ ਹੈ। ਤਕਰੀਬਨ 6 ਮਹੀਨੇ ਬਾਅਦ ਬੂਟਿਆਂ ਨੂੰ ਦੁਬਾਰਾ ਸਿਉਂਕ ਤੋਂ ਬਚਾਅ ਲਈ ਦਵਾਈ ਪਾ ਦੇਣੀ ਚਾਹੀਦੀ ਹੈ। ਮੈਂ ਅਨੁਭਵ ਕੀਤਾ ਹੈ ਕਿ ਕਈ ਵਿਅਕਤੀ ਫੋਟੋਆਂ ਤੱਕ ਹੀ ਸੀਮਤ ਰਹਿ ਜਾਂਦੇ ਹਨ। ਜੇਕਰ ਵਾਕਿਆ ਹੀ ਅਸੀਂ ਵਾਤਾਵਰਨ ਨੂੰ ਬਚਾਉਣਾ ਹੈ ਤਾਂ ਸਾਨੂੰ ਦ੍ਰਿੜਤਾ ਨਾਲ ਇਹ ਕੰਮ ਨੇਪਰੇ ਚਾੜਨਾ ਚਾਹੀਦਾ ਹੈ।

ਜੇਕਰ ਸਾਂਝੀ ਖੁੱਲ੍ਹੀ ਥਾਂ ਉਪਲਬਧ ਹੈ ਤਾਂ ਉੱਥੇ ਪਿੱਪਲ ਅਤੇ ਨਿੰਮ ਦੇ ਬੂਟੇ ਲਗਾਉਣੇ ਚਾਹੀਦੇ ਹਨ। ਇਹ ਬੂਟੇ ਦਿਨ ਰਾਤ ਵਾਤਾਵਰਨ ਵਿਚ ਆਕਸੀਜਨ ਸਪਲਾਈ ਕਰਦੇ ਹਨ। ਅੱਜਕੱਲ ਦੇ ਸਮੇਂ ਵਿੱਚ ਰਵਾਇਤੀ ਦਰੱਖਤ ਖਤਮ ਹੋ ਰਹੇ ਹਨ। ਸੋ ਇਨ੍ਹਾਂ ਨੂੰ ਦੋਬਾਰਾ ਲਗਾਉਣ ਲਈ ਪਹਿਲ ਕਰਨੀ ਚਾਹੀਦੀ ਹੈ। ਰਵਾਇਤੀ ਦਰੱਖਤਾਂ ਦੇ ਨਾਂ ਜਿਵੇਂ ਪਿਲਕਣ, ਗੂਲਰ, ਬੋਹੜ, ਬਹੇੜਾ, ਮਹੂਆ, ਕਿੱਕਰ ਦੇਸੀ, ਸ਼ਰੀਹ, ਢੱਕ, ਜੰਡ, ਇਮਲੀ, ਟਾਹਲੀ, ਖੈਰ, ਰੇਰੂ, ਫਾਲਸਾ, ਫਲਾਹੀ, ਸ਼ਹਿਤੂਤ, ਮੋਲਸਰੀ, ਕਟਹਲ, ਸਿੰਬਲ, ਕਰੌਂਦਾ, ਕਚਨਾਰ, ਪੁਤਰਨ ਜੀਵਾ, ਬਿਲ, ਸੀਤਾ, ਅਸ਼ੋਕ, ਲਸੂੜਾ, ਹਰੜ, ਢੇਹੂ, ਸੰਭਾਲੂ, ਬਾਂਸ, ਅੰਜੀਰ, ਮਲੇ ਬੇਰ, ਵਣ, ਰਹੂੜਾ, ਕਰੀਰ, ਖਿਰਨੀ, ਤੇਂਦੂ, ਜਾਮਣ, ਦੇਸੀ ਅੰਬ ਅਤੇ ਚਮਰੋੜ ਆਦਿ।

ਖੁਸ਼ਬੂਦਾਰ ਝਾੜੀਆਂ ਲਈ ਹਾਰ-ਸ਼ਿੰਗਾਰ, ਰਾਤ ਦੀ ਰਾਣੀ, ਦਿਨ ਦਾ ਰਾਜਾ, ਮੋਤੀਆ, ਗਾਰਡੀਨੀਆ, ਚਿਲਟਾ, ਮਰਈਆ ਲਗਾਓ ਅਤੇ ਖੁਸ਼ਬੂਦਾਰ ਦਰੱਖਤਾਂ ਲਈ ਕਣਕ ਚੰਪਾ, ਪਰੀ ਚੰਪਾ ਅਤੇ ਬੜਾ ਚੰਪਾ ਲਗਾਓ।

ਜੇਕਰ ਤੁਸੀਂ ਫੁੱਲਾਂ ਵਾਲੇ ਦਰੱਖਤ ਲਗਾਉਣੇ ਹਨ ਤਾਂ ਗੁਲਾਚੀਨ, ਬੋਤਲ ਬਰੱਸ਼, ਕੇਸੀਆ ਜਾਵਾਨੀਕਾ, ਪਿੰਕ ਕੇਸੀਆ, ਮੈਕਸੀਕਾਨ ਸਿਲਕ ਕਾਟਨ ਟਰੀ, ਗੁਲਮੋਹਰ, ਅਰਾਈਥਰੀਨਾ, ਨੀਲੀ ਗੁਲਮੋਹਰ ਆਦਿ ਲਗਾ ਸਕਦੇ ਹੋ।

ਜੇਕਰ ਤੁਸੀਂ ਫੁੱਲਾਂ ਵਾਲੀਆਂ ਝਾੜੀਆਂ ਲਗਾਉਣੀਆਂ ਹਨ ਤਾਂ ਤੁਸੀਂ ਕਲੀਐਂਡਰਾ, ਯੂਫੋਰਬੀਆ, ਹਮੇਲੀਆ, ਜੈਟਰੋਫਾ, ਲਿਨਟਾਨਾ, ਰੁਸੇਲੀਆ, ਕੇਸੀਆ ਗਲੂਕਾ ਸਿੰਗਲ ਚਾਂਦਨੀ, ਡਬਲ ਚਾਂਦਨੀ, ਡਵਾਰਫ ਚਾਂਦਨੀ, ਵੈਰੀਗੇਟਿਡ ਚਾਂਦਨੀ, ਟੀਕੋਮਾ ਸਪੇਨ, ਪੀਲੀ ਕਨੇਰ, ਡਥੋਆ, ਰੁਕਮੰਜਨੀ, ਮੁਸੰਡਾ, ਪੋਆਇਨਸਿਟੀਆ, ਗੁਲਮੋਹਰੀ, ਮਰੋਣੀਆ, ਹਾਰ-ਸ਼ਿੰਗਾਰ, ਮਰਈਆ ਆਦਿ ਲਗਾ ਸਕਦੇ ਹੋ।

ਉੱਕਤ ਬੂਟੇ ਪੀ. ਏ. ਯੂ. ਲੁਧਿਆਣਾ ਬਾਗਬਾਨੀ ਵਿਭਾਗ ਪੰਜਾਬ ਜੰਗਲਾਤ ਵਿਭਾਗ ਦੀਆਂ ਨਰਸਰੀਆਂ ਤੋਂ ਬਹੁਤ ਹੀ ਵਾਜਬ ਰੇਟਾਂ 'ਤੇ ਪ੍ਰਾਪਤ ਕੀਤੇ ਜਾ ਸਕਦੇ ਹਨ। ਉੱਕਤ ਬੂਟੇ ਲਈ ਪ੍ਰਾਈਵੇਟ ਸੰਸਥਾਵਾਂ ਵੀ ਮੁਫਤ ਸਪਲਾਈ ਕਰਦੀਆਂ ਹਨ, ਜਿਸ ਵਿਚ ਰਾਊਂਡ ਗਲਾਸ ਫਾਊਂਡੇਸ਼ਨ, ਪਟਿਆਲਾ ਅਤੇ ਈਕੋ ਸਿੱਖ ਸੰਸਥਾਵਾਂ ਹਨ।




ਬੂਟੇ ਲਗਾਉਣ ਸਮੇਂ ਬਹੁਤ ਹੀ ਧਿਆਨ ਦੇਣ ਯੋਗ ਨੁਕਤਾ ਇਹ ਹੈ ਕਿ ਉਕਤ ਬੂਟੇ ਬਾਅਦ ਦੁਪਹਿਰ ਹੀ ਲਗਾਉਣੇ ਚਾਹੀਦੇ ਹਨ ਜਾਂ ਮੀਂਹ ਪੈਣ ਸਮੇਂ ਲਗਾਏ ਜਾ ਸਕਦੇ ਹਨ। ਇਸ ਨਾਲ ਬੂਟਿਆਂ ਦੀ ਸਕਸੈਸ ਰੇਟ ਬਹੁਤ ਜ਼ਿਆਦਾ ਹੋਵੇਗੀ। ਇਸ ਤੋਂ ਇਲਾਵਾ ਜਦੋਂ ਬੂਟਾ ਵੱਡਾ ਹੋ ਜਾਂਦਾ ਹੈ ਤਾਂ 1.5 ਫੁੱਟ ਤੋਂ 2 ਫੁੱਟ ਤੱਕ ਕੋਈ ਵੀ ਟਾਹਣੀ ਨਾ ਫੁਟਣ ਦਿਓ।

ਜੇਕਰ ਪੰਜਾਬ ਸਰਕਾਰ ਇਹ ਜ਼ਰੂਰੀ ਕਰ ਦੇਵੇ ਕਿ ਸ਼ਹਿਰਾਂ ਵਿਚ ਘਰ ਦਾ ਨਕਸ਼ਾ ਪਾਸ ਕਰਨ ਸਮੇਂ ਸ਼ਰਤ ਲਗਾ ਦੇਵੇ ਕਿ ਕੋਈ ਇੱਕ ਬੂਟਾ ਘਰ ਵਿੱਚ ਲਗਾਇਆ ਜਾਵੇ ਅਤੇ ਇਸੇ ਤਰ੍ਹਾਂ ਪਿੰਡਾਂ ਦੀਆਂ ਬਿਜਲੀ ਮੋਟਰਾਂ/ਟਿਊਬਵੈੱਲਾਂ ਤੇ ਘੱਟ ਘੱਟ 4-5 ਦਰੱਖਤ ਲਗਾਏ ਜਾਣ। ਇਸ ਤਰ੍ਹਾਂ ਪੰਜਾਬ ਦੇ ਵਾਤਾਵਰਣ ਨੂੰ ਹਰਾ-ਭਰਾ ਕਰਨ ਲਈ ਬਹੁਤ ਮਦਦ ਮਿਲੇਗੀ। ਇਸ ਨਾਲ ਜਿੱਥੇ ਸਾਡੇ ਲਈ ਫੁੱਲ/ਫਲ ਵੀ ਪ੍ਰਾਪਤ ਹੋਣਗੇ, ਉੱਥੇ ਪੰਛੀਆਂ ਨੂੰ ਆਲ੍ਹਣੇ ਪਾਉਣ ਲਈ ਜਗ੍ਹਾਂ ਵੀ ਮਿਲੇਗੀ ਅਤੇ ਪੰਛੀਆਂ ਨੂੰ ਖਾਣ ਲਈ ਫਲ ਵੀ ਮਿਲੇਗਾ। ਪੰਜਾਬ ਦਾ ਵਾਤਾਵਰਨ ਗਰਮ ਹੋਣ ਦਾ ਮੁੱਖ ਕਾਰਨ ਸੜਕਾਂ ਦੇ ਆਲੇ-ਦੁਆਲੇ ਦਰੱਖਤਾਂ ਦਾ ਕੱਟੇ ਜਾਣਾ ਹੈ, ਘਰੇਲੂ ਏ. ਸੀ. ਅਤੇ ਏ. ਸੀ. ਗੱਡੀਆਂ ਦੀ ਮਿਕਦਾਰ ਵਿੱਚ ਵਾਧਾ ਹੋਣਾ ਹੈ। ਪੰਜਾਬ ਸਰਕਾਰ ਨੂੰ ਵੀ ਸਾਂਝੀਆਂ ਥਾਂਵਾਂ/ਸ਼ਾਮਲਾਟਾਂ ਅਤੇ ਸੜਕਾਂ/ਨਹਿਰਾਂ/ਰੇਲਵੇ ਲਾਈਨਾਂ ਦੇ ਆਲੇ-ਦੁਆਲੇ ਬੂਟੇ ਲਾਉਣ ਦੇ ਉਪਰਾਲੇ ਕਰਨੇ ਚਾਹੀਦੇ ਹਨ। ਉਕਤ ਬੂਟਿਆਂ ਦੀ ਦੇਖਭਾਲ ਲਈ ਨਰੇਗਾ ਵਰਕਰਾਂ ਤੋਂ ਕੰਮ ਲਿਆ ਜਾ ਸਕਦਾ ਹੈ। ਬਰਸਾਤ ਦੇ ਦਿਨਾਂ ਵਿੱਚ ਬੂਟੇ ਲਗਾਉਣ ਵਾਲੀ ਜਗ੍ਹਾਂ 'ਤੇ ਟੋਏ ਪੁੱਟ ਕੇ ਸਿੱਧੇ ਤੌਰ 'ਤੇ ਅੰਬਾਂ ਦੀਆਂ ਗੁੱਠਲੀਆਂ, ਜਾਮਣਾਂ ਅਤੇ ਲੀਚੀ ਦੀਆਂ ਗਿੱਟਕਾਂ, ਕਟਹਲ, ਬਿੱਲ, ਲੁਕਾਠ ਅਤੇ ਫਾਲਸੇ ਦਾ ਬੀਜ ਆਦਿ ਬੀਜਿਆ ਜਾ ਸਕਦਾ ਹੈ। ਹਰੇਕ ਟੋਏ ਵਿੱਚ 2-3 ਬੀਜ ਬੀਜ ਦੇਣੇ ਚਾਹੀਦੇ ਹਨ। ਟੋਏ ਦੀ ਮਿੱਟੀ ਦਾ ਲੈਵਲ ਜ਼ਮੀਨ ਦੇ ਲੈਵਲ ਨਾਲੋਂ 3-4 ਇੰਚ ਨੀਵਾਂ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਕੋਈ ਖਾਸ ਖਰਚਾ ਨਹੀਂ ਹੋਵੇਗਾ। ਇਸ ਨਾਲ 50-60 ਪ੍ਰਤੀਸ਼ਤ ਕਾਮਯਾਬੀ ਮਿਲ ਸਕਦੀ ਹੈ।

ਹੋਰ ਵਧੇਰੇ ਜਾਣਕਾਰੀ ਲਈ ਤੁਸੀਂ ਬਾਗਬਾਨੀ ਵਿਭਾਗ ਪੰਜਾਬ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਜ਼ਿਲ੍ਹੇ ਦੇ ਕੇ. ਵੀ. ਕੇ. ਜਾਂ ਪੰਜਾਬ ਜੰਗਲਾਤ ਵਿਭਾਗ ਦੇ ਮਾਹਿਰਾਂ ਨਾਲ ਸੰਪਰਕ ਕਰ ਸਕਦੇ ਹੋ। ਅੰਤ ਵਿਚ ਫਿਰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਬੂਟੇ ਲਗਾਉਣ ਤੋਂ ਵੱਧ ਉਨ੍ਹਾਂ ਦੀ ਸੰਭਾਲ ਕਰਨੀ ਬਹੁਤ ਜ਼ਰੂਰੀ ਹੈ।